# ਬੱਚਾ ਲਿੰਗਕ ਦੁਰ-ਵਰਤੋਂ ਨੂੰ ਸਮਝਣਾ:

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਇਕ ਮਾਰਗ-ਦਰਸ਼ਕ

*ਬੱਚਾ ਲਿੰਗਕ ਦੁਰ-ਵਰਤੋਂ ਨੂੰ ਸਮਝਣਾ: ਮਾਪੇਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਇਕ ਮਾਰਗ-ਦਰਸ਼ਕ*

ਇਨ੍ਹਾਂ ਦੁਆਰਾ ਛਾਪਿਆ ਗਿਆ:
ਚਾਇਲਡ ਡਿਵੈਲਪਮੈਂਟ ਇੰਸਟਿਚੂਟ
ਸੈਂਟ੍ਰਲ ਏਜੈਂਸੀਜ਼ ਸੈਕਸੁਅਲ ਐਬਿਊਜ਼ ਟ੍ਰੀਟਮੈਂਟ (ਸੀ· ਏ· ਐਸ· ਏ· ਟੀ·) ਪ੍ਰੋਗਰਾਮ
197 ਏਊਕਲਿਡ ਐਵਨਿਯੂ, ਔਨਟੇਰਿਓ **ਕੈਨੇਡਾ** ਐਮ 6 ਜੇ 2 ਜੇ 8

ਇਨ੍ਹਾਂ ਦੁਆਰਾ ਪੂੰਜੀ ਪ੍ਰਦਾਨਿਤ:
ਔਨਟੇਰਿਓ ਮਿਨਿਸਟ੍ਰੀ ਆਫ਼ ਦੀ ਅਟੋਰਨੀ ਜਨਰਲ, ਔਫ਼ਿਸ ਆਫ਼ ਵਿੱਕਟਿਮਜ਼ ਆਫ਼ ਕ੍ਰਾਇਮ

ਪਿਛਲਾ ਐਡੀਸ਼ਨ:
ਜਦੋਂ ਇਕ ਬੱਚੇ/ਬੱਚੀ ਜਾਂ ਯੁਵਕ/ਯੁਵਕੀ ਦੀ ਲਿੰਗਕ ਦੁਰ-ਵਰਤੋਂ ਹੁੰਦੀ ਹੈ:
ਯੁਵਕਾਂ, ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਇਕ ਮਾਰਗ-ਦਰਸ਼ਕ
ਮੈਟ੍ਰੋਪੋਲੀਟਨ ਟੋਰਾਂਟੋ ਐਡੀਸ਼ਨ (1997)

ਇਨ੍ਹਾਂ ਦੁਆਰਾ ਪੂੰਜੀ ਪ੍ਰਦਾਨਿਤ: ਦੀ ਚਿਲਡਰੰਸ ਏਡ ਸੋਸਾਇਟੀ ਫ਼ਾਊਂਡੇਸ਼ਨ ਆਫ਼ ਮੈਟ੍ਰੋਪੋਲੀਟਨ ਟੋਰਾਂਟੋ

ISBN 0-9681323-7-5

© CASAT, 2006

ਇਸ ਮਾਰਗ-ਦਰਸ਼ਕ ਦੇ ਵਿਸ਼ੇ-ਵਸਤੂਆਂ ਦਾ ਮੁੜ-ਉਤਪਾਦਨ ਵਪਾਰ ਲਈ ਨਾਂ ਕੀਤਾ ਜਾਏ।
ਨਿੱਜੀ, ਕਲਿਨਿਕਲ ਜਾਂ ਹੋਰ ਸਬੰਧਤ ਪੇਸ਼ਾਵਰ ਪ੍ਰਯੋਗਾਂ ਲਈ,
ਮਾਨਤਾ ਦਿੱਤੇਆਂ, ਮੁੜ-ਉਤਪਾਦਨ ਦੀ ਅਨੁਮਤੀ ਹੈ।

## ਵਿਸ਼ੇ-ਵਸਤੂਆਂ ਦੀ ਸੂਚੀ


ਮਾਨਤਾਵਾਂ. . . . . . . . . . . . . . . . . . . . . . . . . . . . . . . . . . i

ਪੜ੍ਹਨ ਵਾਲਿਆਂ ਨੂੰ ਨੋਟ. . . . . . . . . . . . . . . . . . . . . . . . . . . . ii

ਪਰਿਚੈ. . . . . . . . . . . . . . . . . . . . . . . . . . . . . . . . . . . . iii

1 ਲਿੰਗਕ ਦੁਰ-ਵਰਤੋਂ ਦੀ ਪਰਿਭਾਸ਼ਾ ਬਣਾਉਣੀ . . . . . . . . . . . . . . . . . . . . . . 1

2 ਦੁਰ-ਵਰਤੋਂ ਦੀ ਬਾਬਤ ਦੱਸਣਾ. . . . . . . . . . . . . . . . . . . . . . . . . . . 3

3 ਬੱਚਾ ਲਿੰਗਕ ਦੁਰ-ਵਰਤੋਂ ਬਾਬਤ ਸ਼ੱਕਾਂ ਦੀ ਰਿਪੋਰਟ ਕਰਨਾ . . . . . . . . . . . .16

4 ਛਾਣਬੀਣ. . . . . . . . . . . . . . . . . . . . . . . . . . . . . . . . . . . 19

5 ਸੰਭਵ ਸਿੱਟੇ: ਬੱਚਾ ਰੱਖਿਆ ਛਾਣਬੀਣ. . . . . . . . . . . . . . . . . . . . . . . . . 30

6 ਸੰਭਵ ਸਿੱਟੇ: ਅਪਰਾਧੀ ਛਾਣਬੀਣ. . . . . . . . . . . . . . . . . . . . . . . . . . . 33

7 ਸਹਾਇਤਾ-ਬਲ ਅਤੇ ਇਲਾਜ ਸੇਵਾਵਾਂ. . . . . . . . . . . . . . . . . . . . . . . . . 42

ਸ਼ਬਦ-ਸੰਗ੍ਰਹਿ. . . . . . . . . . . . . . . . . . . . . . . . . . . . . . . . . 51

## ਸਵੀਕ੍ਰਿਤੀਆਂ

ਇਸ ਮਾਰਗ-ਦਰਸ਼ਨ ਦਾ ਨਿਰਮਾਣ ਕਈ ਇਕ ਲੋਕਾਂ ਅਤੇ ਸੰਸਥਾਵਾਂ ਦੀ ਉਪਕਾਰੀ ਸਹਾਇਤਾ ਦੇ ਨਾਲ ਸੰਭਵ ਹੋਇਆ ਸੀ। ਇਸ ਪਰਿਯੋਜਨਾ ਦੇ ਵਿਚ ਸਾਰੇ ਹੀ ਯੋਗਦਾਨ ਦੇਣ ਵਾਲਿਆਂ ਦੀ ਕਦਰਦਾਨੀ ਸੱਚੇ ਦਿਲੋਂ ਕੀਤੀ ਜਾਂਦੀ ਹੈ।

ਅਸੀ ਸੀ· ਏ· ਐਸ· ਏ· ਟੀ· (ਕਾਸਾਟ) ਪੋਥੀ ਦੀ ਕਮੇਟੀ ਦੇ ਲਈ ਕ੍ਰਿਆਸ਼ੀਲ ਸਾਂਝੀਦਾਰੀ ਕਰਨ ਵਾਲਿਆਂ ਹੇਠ ਲਿਖਿਆਂ ਪਰਿਯੋਜਨਾਵਾਂ ਅਤੇ ਸੰਸਥਾਵਾਂ ਨੂੰ ਧੰਨਵਾਦ ਸਮੇਤ ਕਬੂਲਦੇ ਹਾਂ:

ਸੈਂਟਰਲ ਟੋਰਾਂਟੋ ਯੂਥ ਸਰਵਿਸਜ਼
ਚਿਲਡ੍ਰਨਸ ਏਡ ਸੋਸਾਇਟੀ ਆਫ ਟੋਰਾਂਟੋ
ਦੀ ਗੇਟਹਾਊਸ
ਹਾਸਪਿੱਟਲ ਫਾਰ ਸਿੱਕ ਚਿਲਡਰਨ, ਸਸਪੈਕਟੇਡ ਚਾਇਲਡ ਐਬਿਯੂਜ਼ ਐਂਡ ਨਿਗਲੈਕਟ (ਐਸ· ਸੀ· ਏ· ਐਨ·) ਪ੍ਰੋਗਰਾਮ

ਸਕਾਰਬੋਰੋ ਏਜੈਂਸੀਜ਼ ਸੈਕਸੁਅਲ ਐਬਿਯੂਜ਼ ਟ੍ਰੀਟਮੈਂਟ – ਐਸ· ਏ· ਐਸ· ਏ· ਟੀ· (ਸਾਟਾਟ) ਪ੍ਰੋਗਰਾਮ
ਥਿੱਸਟਲਟਾਊਨ ਰੀਜਨਲ ਸੈਂਟਰ ਫਾਰ ਚਿਲਡ੍ਰਨ ਐਂਡ ਅਡੋਲਸੈਂਟਸ, (ਐਸ· ਏ· ਐਫ· ਈ· ਟੀ·) ਸੇਫਟੀ ਪ੍ਰੋਗਰਾਮ
ਟੋਰਾਂਟੋ ਚਾਇਲਡ ਐਬਿਯੂਜ਼ ਸੈਂਟਰ ਟੀ· ਸੀ· ਏ· ਸੀ· (ਟੀਸੀਏਸੀ)
ਵੈਸਟ ਐਂਡ ਸੈਕਸੁਅਲ ਐਬਿਯੂਜ਼ ਟ੍ਰੀਟਮੈਂਟ (ਡੈਬਲਿਯੁ· ਈ· ਐਸ· ਏ· ਟੀ·) ਪ੍ਰੋਗਰਾਮ

ਸੰਚਾਲਨ ਦੇ ਦੌਰਾਨ ਇਸ ਪੋਥੀ ਦੀ ਕਮੇਟੀ ਨੂੰ ਸਲਾਹ-ਮਸ਼ਵਰੇ ਦੇਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਵਿਸ਼ੇਸ਼ ਮਾਨਤਾ ਦਿੱਤੀ ਜਾਂਦੀ ਹੈ। ਵਿਸ਼ੇਸ਼ ਕਰਕੇ ਅਸੀ ਚਾਇਲਡ ਡਿਵੈਲਪਮੈਂਟ ਇੰਸਟਿਟੂਟ, ਡੁਰਹਮ ਰੀਜਨਲ ਸੈਕਸੁਅਲ ਅਸਾਲਟ ਕੇਅਰ ਸੈਂਟਰ, ਟੀ· ਏ· ਐਲ· ਕੇ (ਟਾਕ) ਪ੍ਰੋਗਰਾਮ ਅਤੇ ਜਾਨ ਬਾਲ, ਮਿਨਿਸਟ੍ਰੀ ਆਫ ਦੀ ਅਟਾਰਨੀ ਜਨਰਲ (ਟੋਰਾਂਟੋ ਖੇਤਰ) ਨੂੰ ਮਾਨਤਾ ਦਿੰਦੇ ਹਾਂ।
ਸੀ· ਏ· ਐਸ· ਏ· ਟੀ· (ਕਾਸਾਟ) ਆਨਟੇਰਿਓ ਮਿਨਿਸਟ੍ਰੀ ਆਫ ਅਟਾਰਨੀ ਜਨਰਲ ਦਾ ਇਸ ਮਾਰਗ-ਦਰਸ਼ਕ ਦੇ ਉਤੇ ਮੁੜ-ਝਾਤੀ ਅਤੇ ਆਰੰਭਕ ਪ੍ਰਕਾਸ਼ਨ ਦੇ ਲਈ ਪੂੰਜੀ ਖਰਚ ਕਰਨ ਲਈ ਧੰਨਵਾਦੀ ਹੈ। ਇਕ ਵਿਸ਼ੇਸ਼ ਧੰਨਵਾਦ ਦਾ ਨਿਰਦੇਸ਼ਨ ਪੈਟੀ ਸੈਂਡਰਜ਼ ਦੇ ਵਲ ਕੀਤਾ ਜਾਂਦਾ ਹੈ।

ਅੰਤ ਵਿਚ, ਇਕ ਨਿਜੀ ਨੋਟ, ਅਸੀ ਆਪਣੇ ਸਾਥੀਆਂ ਅਤੇ ਵਿਦਿਆਰਥੀਆਂ ਦੇ ਵਲੋਂ ਹੱਲਾਸ਼ੇਰੀ, ਸੰਪਾਦਨ ਸਹਾਇਤਾ ਅਤੇ ਸਿਰਜਣਾਤਮਕ ਸਿਫਾਰਿਸ਼ਾਂ ਦੇ ਬਦਲੇ ਵਿਚ ਉਨ੍ਹਾਂ ਦੇ ਵਿਸ਼ਾਲ ਰੂਪ ਵਿਚ ਧੰਨਵਾਦੀ ਹਾਂ।

ਕਿਰਪਾਲੂ ਸਤਿਕਾਰ,

ਲੋਗੀ ਬੈਨਿਯੁਕ, ਐਮ· ਐਸ· ਡੈਬਲਿਯੂ·, ਆਰ· ਐਸ· ਡੈਬਲਿਯੂ·, ਐਡਵ· ਡਿਪ·
ਪਰਿਯੋਜਨਾ ਪ੍ਰਬੰਧਕ, ਸੀ· ਏ· ਐਸ· ਏ· ਟੀ· (ਕਾਸਾਟ)

ਪਰਲ ਰਿਮੇਰ, ਡਿਪ· ਸੀ· ਐਸ·, ਐਮ· ਈ· ਐਸ·
ਪਰਿਯੋਜਨਾ ਪ੍ਰਬੰਧਕ, ਟੀ· ਸੀ· ਏ· ਸੀ· (ਟੀਸੀਏਸੀ)

## ਪੜ੍ਹਨ ਵਾਲੇਆਂ ਦੇ ਲਈ ਨੋਟ

ਇਹ ਮੰਨਣਾਂ ਜ਼ਰੂਰੀ ਹੈ ਕਿ ਇਸ ਛੋਟੀ ਪੋਥੀ ਦੇ ਮੁੱਖ ਦਰਸ਼ਕ ਟੋਰਾਂਟੋ ਖੇਤਰ ਦੇ ਮਾਪੇ ਅਤੇ ਦੇਖ-ਭਾਲ ਕਰਨ ਵਾਲੇ ਹਨ। ਫੇਰ ਵੀ, ਅਸੀ ਜਾਣਦੇ ਹਾਂ ਕਿ ਇਹ ਛੋਟੀ ਪੋਥੀ ਟੋਰਾਂਟੋ ਤੋਂ ਬਾਹਰ ਦੂਰ ਦੂਰ ਤਕ ਵੰਡੀ ਜਾਏਗੀ।

ਭਾਵੇਂ ਇਹ ਯਤਨ ਕੀਤੇ ਗਏ ਸਨ ਕਿ ਜਾਣਕਾਰੀ ਨੂੰ ਜਿਨਾਂ ਸੰਭਵ ਹੋ ਸਕੇ, ਸਥਾਨ-ਹੀਣ ਰੱਖਿਆ ਜਾਏ, ਸੇਵਾਵਾਂ ਅਤੇ ਪ੍ਰਚਲਨਾਂ ਦੀਆਂ ਟੋਰਾਂਟੋ ਵਿਚ ਉਪਲਭਧ ਉਦਾਹਰਣਾਂ ਸ਼ਾਮਲ ਕੀਤੀਆਂ ਗਈਆਂ ਹਨ। ਆਪਣੇ ਲਈ ਸਹਾਇਤਾ-ਯੋਗ ਵਿਸ਼ਿਸ਼ਟ ਸਾਧਨਾਂ ਬਾਬਤ ਜਾਣਕਾਰੀ ਪ੍ਰਾਪਤ ਕਰਨ ਲਈ ਕਿਰਪਾ ਕਰਕੇ ਆਪਣੀ ਕਮਿਉਨਿਟੀ ਵਿਚ ਉਚਿਤ ਪੇਸ਼ਾਵਰਾਂ ਨਾਲ ਸਲਾਹ-ਮਸ਼ਵਰਾ ਕਰੋ।

ਜਿਵੇਂ ਜਿਵੇਂ ਤੁਸੀ ਇਸ ਮਾਰਗ-ਦਰਸ਼ਕ ਨੂੰ ਪੜ੍ਹਦੇ ਹੋ, ਤੁਸੀ ਨੋਟਸ ਕਰੋਗੇ ਕਿ ਕੁਝ ਇਕ ਸ਼ਬਦ *ਇਟਾਲਿਕਸ* ਵਿਚ ਲਿਖੇ ਗਏ ਹਨ। ਇਨ੍ਹਾਂ ਦੀ ਪਰਿਭਾਸ਼ਾ ਇਸ ਛੋਟੀ ਪੋਥੀ ਦੇ ਅੰਤ ਵਿਚ ਸ਼ਬਦ-ਸੰਗ੍ਰਹਿ ਵਿਚ ਦਿੱਤੀ ਗਈ ਹੈ।

ਇਸ ਮਾਰਗ-ਦਰਸ਼ਕ ਦੀਆਂ ਵਿਸ਼ੇ-ਵਸਤੂਆਂ ਜਾਂ ਇਸਦੇ ਪ੍ਰਯੋਗ ਬਾਬਤ ਸਲਾਹਾਂ ਅਤੇ ਟਿੱਪਣੀਆਂ ਦਾ ਸੁਅਗਤ ਹੈ, ਅਤੇ ਇਨ੍ਹਾਂ ਨੂੰ ***ਕਾਸਾਟ*** ਵਿਖੇ ਭੇਜਿਆ ਜਾ ਸਕਦਾ ਹੈ।

ਪਿਆਰੇ ਮਾਂ/ਪਿਉ/ਦੇਖ-ਭਾਲ ਕਰਨ ਵਾਲੇ/ਵਾਲੀ:

ਤੁਹਾਡੇ ਬੱਚੇ ਨਾਲ ਜੋ ਕੁਝ ਵਾਪਰਿਆ ਹੈ, ਅਸੀ ਉਸ ਬਾਬਤ ਸੱਚਮੁੱਚ ਬੜੇ ਦੁਖੀ ਹਾਂ। ਕਿਰਪਾ ਕਰਕੇ ਇਹ ਜਾਣੋਂ ਕਿ ਤੁਸੀ ਇਕੱਲੇ ਨਹੀਂ ਹੋ। ਜਦੋਂ ਕਿ ਤੁਸੀ ਇਸ ਗਿਆਨ ਨਾਲ ਅਤੇ ਅਗਾਂਹ (ਕੀ ਕੁਝ ਹੋਣ ਵਾਲਾ ਹੈ) ਨਾਲ ਨਿਬੜਦੇ ਹੋ, ਬਹੁਤ ਸਾਰੇ ਲੋਕੀ ਹੈ ਹਨ ਜੋ ਤੁਹਾਡੀ ਅਤੇ ਤੁਹਾਡੇ ਟੱਬਰ ਦੀ ਸਹਾਇਤਾ ਕਰ ਸਕਦੇ ਹਨ।

ਤੁਸੀ ਇਸ ਵੇਲੇ ਆਪਣੇਂ ਬੱਚੇ ਲਈ ਬੜੇ ਮਹੱਤਵਪੂਰਣ ਹੋ। ਜੋ ਸਹਾਇਤਾ-ਬਲ ਤੁਸੀ ਦੇ ਸਕਦੇ ਹੋ, ਉਹ ਅਣਮੋਲ ਹੈ। ਆਪਣੇਂ/(ਣੀਂ) ਬੱਚੇ/ਬੱਚੀ ਨੂੰ ਇਹ ਜਾਣੂ ਕਰਵਾਓ ਕਿ ਉਹ ਤੁਹਾਡੇ ਲਈ ਕਿਨਾਂ/ਕਿਨੀਂ ਮਹੱਤਵਪੂਰਣ ਹੈ। ਆਪਣੇਂ ਆਪ ਲਈ, ਤੁਹਾਡੇ ਬੱਚੇ ਅਤੇ ਟੱਬਰ ਲਈ ਸਹਾਇਤਾ ਦੀ ਭਾਲ ਕਰੋ। ਇਹ ਆਉਣ ਵਾਲੇ ਕੁਝ ਇਕ ਮਹੀਨੇਆਂ ਲਈ ਤੁਹਾਨੂੰ ਸੱਚਮੁੱਚ ਹੀ ਲੋੜੀਂਦੀ ਸਹਾਇਤਾ-ਬਲ ਅਤੇ ਜਾਣਕਾਰੀ ਪ੍ਰਦਾਨ ਕਰ ਸਕਦੀ ਹੈ।

ਕਿਰਪਾ ਕਰਕੇ ਇਹ ਜਾਣੋਂ ਕਿ ਤੁਸੀ ਇਸ ਵਿਚੋਂ ਦੀ ਨਿੱਕਲ ਸਕਦੇ ਅਤੇ ਨਿੱਕਲ ਜਾਓਗੇ।
ਅਸੀ ਜਾਣਦੇ ਹਾਂ।
ਅਸੀ ਵੀ ਓਥੋਂ ਨਿੱਕਲ ਕੇ ਆਏ ਹਾਂ।

ਚਾਹਵਾਨੀਂ ਨਾਲ,

ਤਿੰਨ ਮਾਪੇ/ਦੇਖ-ਭਾਲ ਕਰਨ ਵਾਲੇ ਜੋ ਨਿੱਕਲ ਚੁਕੇ ਹਨ।

## ਪਰਿਚੈ

ਇਸ ਛੋਟੀ ਪੋਥੀ ਦਾ ਪਿਛਲਾ ਕਥਨ ਅਠ ਸਾਲ ਪਹਿਲਾਂ ਛਾਪਿਆ ਗਿਆ ਸੀ। ਉਸ ਤੋਂ ਲੈ ਕੇ 15,000 ਤੋਂ ਵੱਧ ਕਾਪੀਆਂ ਕੈਨੇਡਾ ਭਰ ਅਤੇ ਯੁਨਾਇਟੇਡ ਸਟੇਟਸ ਵਿਚ ਵੰਡੀਆਂ ਜਾ ਚੁਕਿਆਂ ਹਨ।

ਬੱਚਾ ਲਿੰਗਕ ਦੁਰ-ਵਰਤੋਂ ਨੂੰ ਸਮਝਣ ਦੇ ਮੁੱਖ ਟੀਚੇ:
ਅਤੇ ਦੇਖਭਾਲ ਕਰਨ ਵਾਲਿਆਂ ਲਈ ਇਕ ਮਾਰਗ-ਦਰਸ਼ਕ ਇਹ ਕੁਝ ਕਰਨ ਲਈ ਹਨ:

- ਬੱਚਾ ਲਿੰਗਕ ਦੁਰ-ਵਰਤੋਂ ਬਾਬਤ ਜਾਣਕਾਰੀ ਪ੍ਰਦਾਨ ਕਰਨੀਂ

- ਤੁਹਾਡੇ ਬੱਚੇ ਦੇ ਸਭ ਤੋਂ ਉੱਤਮ ਹਿੱਤ ਬਾਬਤ ਤੁਹਾਡੀ ਸਹਾਇਤਾ-ਬਲ ਲਈ ਤੁਹਾਡੀ ਮਦਦ ਕਰਨੀਂ (ਜਿਵੇਂ ਕਿ ਤੁਹਾਡੇ ਬੱਚੇ ਲਈ ਵਕਾਲਤ ਕਰਨੀਂ ਆਦਿ);

- ਇਹ ਵਿਆਖਿਆ ਕਰਨੀਂ ਕਿ ਲਿੰਗਕ ਦੁਰ-ਵਰਤੋਂ ਦ ਪ੍ਰਤਿ ਪੇਸ਼ਾਵਰ ਪ੍ਰਣਾਲੀ ਕਿਵੇਂ ਪ੍ਰਤਿਕ੍ਰਿਆ ਕਰਦੀ ਹੈ; ਅਤੇ

- ਸਹਾਇਤਾ-ਬਲ ਸੇਵਾਵਾਂ ਅਤੇ ਇਲਾਜ ਪ੍ਰਤਿ ਚੋਣਾਂ ਦਾ ਸਪੱਸ਼ਟੀਕਰਣ।

ਇਹ ਜਾਣਦੇ ਹੋਇਆਂ ਕਿ ਹਰ ਟੱਬਰ ਦੇ ਹਾਲਾਤ ਵਿਲੱਖਣੇ ਹੁੰਦੇ ਹਨ, ਇਸ ਛੋਟੀ ਪੋਥੀ ਦਾ ਭਾਵ-ਅਰਥ ਇਕ ਆਮ ਮਾਰਗ-ਦਰਸ਼ਕ ਵਾਂਗ ਹੈ, ਅਤੇ ਇਸਦਾ ਉਦੇਸ਼ ਇਕ ਪੇਸ਼ਾਵਰ ਸਲਾਹ-ਮਸ਼ਵਰੇ ਜਾਂ ਕਾਨੂੰਨੀਂ ਸਲਾਹ ਦਾ ਸਥਾਨ ਲੈਣਾਂ ਨਹੀਂ ਹੈ।

1

## ਲਿੰਗਕ ਦੁਰ-ਵਰਤੋਂ ਦੀ ਪਰਿਭਾਸ਼ਾ

ਬੱਚਾ ਲਿੰਗਕ ਦੁਰ-ਵਰਤੋਂ ਉਸ ਵੇਲੇ ਵਾਪਰਦੀ ਹੈ ਜਦੋਂ ਇਕ ਵਿਅਕਤੀ ਇਕ *ਬੱਚੇ/ਬੱਚੀ* ਜਾਂ ਯੁਵਕ/ਯੁਵਕੀ ਉਤੇ ਆਪਣੀਂ ਤਾਕਤ ਦਾ ਪ੍ਰਯੋਗ ਕਰਦਾ/(ਦੀ) ਹੈ ਅਤੇ ਇਕ ਬੱਚੇ ਨੂੰ ਕਿਸੇ ਵੀ ਲਿੰਗਕ ਕ੍ਰਿਆ ਵਿਚ ਸ਼ਾਮਲ ਕਰਦਾ/(ਦੀ) ਹੈ। ਦੁਰ-ਵਰਤੋਂ ਦੀ ਤਾਕਤ ਉਮਰਾਂ ਵਿਚ ਅੰਤਰ, ਬੌਧਿਕ ਜਾਂ ਸ਼ਰੀਰਕ ਵਿਕਾਸ, ਬੱਚੇ ਉਤੇ ਇਕ ਅਖ਼ਤਿਆਰ ਵਾਲੇ ਰਿਸ਼ਤੇ, ਅਤੇ/ਜਾਂ ਬੱਚੇ ਦੀ ਉਸ ਵਿਅਕਤੀ ਉਤੇ ਨਿਰਭਰਤਾ ਵਿਚ ਹੋ ਸਕਦੀ ਹੈ।

"ਛੋਹਣਾਂ" ਹੀ ਕੇਵਲ ਇਕ ਤਰੀਕਾ ਨਹੀਂ ਹੈ ਜਿਸ ਵਿਚ ਇਕ ਬੱਚੇ ਦੀ ਲਿੰਗਕ ਦੁਰ-ਵਰਤੋਂ ਹੋ ਜਾਂਦੀ ਹੈ। ਲਿੰਗਕ ਦੁਰ-ਵਰਤੋਂ ਵਿਚ ਅਜਿਹੀਆਂ ਕ੍ਰਿਆਵਾਂ ਸ਼ਾਮਲ ਹਨ: ਪਲੋਸਣ, ਜਣਨ-ਅੰਗਾਂ ਨੂੰ ਉਤੇਜਿਤ ਕਰਨਾਂ, ਆਪਸੀ ਹਥਰਸੀ, ਮੌਖਿਕ (ਓਰਲ) ਸੰਭੋਗ, ਉਂਗਲੀਆਂ, ਪੁਰਸ਼-ਇੰਦਰੀ ਜਾਂ ਵਸਤੂਆਂ ਨੂੰ ਯੋਨੀ ਜਾਂ ਗੁਦਾ ਵਿਚ ਪ੍ਰਵੇਸ਼ ਕਰਨਾਂ, ਨਾਂਜਾਇਜ਼ ਲਿੰਗਕ ਬੋਲੀ, ਲਿੰਗਕ ਪਰੇਸ਼ਾਨੀਂ, ਲਿੰਗਾਂ ਦੇ ਦਰਸ਼ਨ, ਸਵੈ-ਦਿਖਲਾਵਾ, ਦੇ ਨਾਲ ਨਾਲ ਇਕ ਬੱਚੇ ਨੂੰ ਕਾਮ-ਉਕਸਾਊ ਫ਼ੋਟੋਆਂ/ਲਿਖ਼ਤਾਂ ਜਾਂ ਰੰਡੀ-ਪੇਸ਼ੇ ਦਰਸਾਉਣੇਂ ਜਾਂ ਉਸਨੂੰ ਸ਼ਾਮਲ ਕਰਨਾਂ।

*ਉਲੰਘਣਾਕਾਰੀ* ਇਕ ਬੱਚੇ ਕੋਲੋਂ ਲਿੰਗਕ ਕ੍ਰਿਆਵਾਂ ਕਰਵਾਉਣ ਲਈ ਧਮਕੀਆਂ, ਰਿਸ਼ਵਤਾਂ, ਗ਼ਲਤਬਿਆਨੀਂ ਅਤੇ ਹੋਰ ਪ੍ਰਕਾਰਾਂ ਦੇ ਦਬਾਉਆਂ ਰਾਹੀਂ ਕਰਵਾ ਸਕਦਾ/(ਦੀ) ਹੈ। ਲਿੰਗਕ ਦੁਰ-ਵਰਤੋਂ ਆਮ ਤੌਰ ਤੇ ਇਕ ਲਗਾਤਾਰ ਆਪਸੀ ਲਿੰਗਕ ਕ੍ਰਿਆਵਾਂ ਦਾ ਅਗਾਂਹਵਧੂ ਅੰਤਰਵੇਦੀ ਨਮੂਨਾਂ ਹੁੰਦੀ ਹੈ। ਬਹੁਤੇਆਂ ਸਮੇਆਂ ਤੇ ਉਲੰਘਣਾਕਾਰੀ ਇਕ ਬੱਚ/ਬੱਚੀ ਦਾ/ਦੀ ਚੰਗੀ ਤਰਾਂ ਵਾਕਫ਼ ਅਤੇ ਬੱਚੇ/ਬੱਚੀ ਅਤੇ/ਜਾਂ ਟੱਬਰ ਵਲੋ ਵਿਸ਼ਵਾਸਪ੍ਰਾਪਤ ਹੁੰਦਾ/ਹੁੰਦੀ ਹੈ।

ਜਦੋਂ ਕੋਈ ਵਿਅਕਤੀ ਇਕ ਵਿਸ਼ਵਾਸ ਜਾਂ ਅਖ਼ਤਿਆਰ ਦੀ ਪਦਵੀ ਵਿਚ ਹੰਦਾ/ਹੁੰਦੀ ਹੈ ਤਾਂ ਇਹ ਉਸਦੀ ਜ਼ਿੰਮੇਦਾਰੀ ਹੈ ਕਿ ਉਹ 18 ਸਾਲਾਂ ਤੋਂ ਘੱਟ ਉਮਰ ਵਾਲੇਆਂ ਦਾ ਨਾਂਜਾਇਜ਼ ਫ਼ਾਇਦਾ ਨਾਂ ਲਏ।

## ਸਹਿਮਤੀ ਦੀ ਮੁੱਦਤ ਦੀ ਪਰਿਭਾਸ਼ਾ

*ਦੀ ਕ੍ਰਿਮਿਨਲ ਕੋਡ ਆਫ ਕੈਨੇਡਾ* ਲਿੰਗਕ ਕ੍ਰਿਆਵਾਂ ਲਈ *ਸਹਿਮਤੀ* ਬਾਬਤ ਕਾਨੂੰਨਾਂ ਦੀ ਘੋਸ਼ਣਾਂ ਕੀਤੀ ਹੋਈ ਹੈ। ਸਹਿਮਤੀ ਦਾ ਮਤਲਬ ਇਹ ਹੈ ਕਿ ਇਕ ਵਿਅਕਤੀ ਇਹ ਸਮਝਦੀ/ਸਮਝਦਾ ਹੈ ਕਿ ਉਹ ਕਿਸਦੀ ਰਜ਼ਾਮੰਦੀ ਦੇ ਰਹੀ/ਰਿਹਾ ਹੈ ਅਤੇ ਇਸ ਰਜ਼ਾਮੰਦੀ ਦੇ ਨਤੀਜੇ ਵਜੋਂ ਕੀ ਕੁਝ ਹੋ ਸਕਦਾ ਹੈ। ਬੱਚੇ ਇਕ ਲਿੰਗਕ ਕ੍ਰਿਆ ਲਈ ਸੂਚਿਤ ਸਹਿਮਤੀ ਨਹੀਂ ਦੇ ਸਕਦੇ ਕਿਉਂਕਿ ਨਾਂ ਤਾਂ ਉਹ ਬਾਲਗ਼-ਬੱਚੇ ਦੇ ਲਿੰਗਕ ਸਬੰਧ ਨੂੰ ਪੂਰੀ ਤਰਾਂ ਸਮਝਦੇ ਹਨ ਅਤੇ ਨਾਂ ਹੀ ਉਹ ਇਨ੍ਹਾਂ ਦੇ ਨਤੀਜੇਆਂ ਦੀ ਭਵਿੱਖਬਾਣੀਂ ਕਰ ਸਕਦੇ ਹਨ।

ਇਕ *ਦੋਸ਼ੀ ਉਲੰਘਣਾਕਾਰ* ਇਹ ਦਾਅਵਾ ਕਰ ਸਕਦਾ/(ਦੀ) ਹੈ ਕਿ ਬੱਚੇ ਨੇਂ ਸਹਿਮਤੀ ਦਿੱਤੀ ਸੀ, ਪਰ ਅਜਿਹੇ ਦਾਅਵੇ ਇਕ ਬੱਚੇ ਨਾਲ ਲਿੰਗਕ ਕ੍ਰਿਆਵਾਂ ਨੂੰ ਠੀਕ ਸਿੱਧ ਨਹੀਂ ਕਰ ਸਕਦੇ। ਕਿਸੇ ਵੀ ਹਾਲਤ ਵਿਚ ਇਕ ਬੱਚੇ ਦੀਆਂ ਸ਼ਰੀਰਕ ਪ੍ਰਤਿਕ੍ਰਿਆਵਾਂ ਨੂੰ ਲਿੰਗਕ ਉਤੇਜਨਾਂ (ਜਿਵੇਂ ਕਿ ਇਕ ਉਠਾਣ) ਜਾਂ ਕਿਸੇ ਪਰੇਸ਼ਾਨੀਂ ਦੀ ਨਿਸ਼ਾਨੀਂ ਦੀ ਘਾਟ (ਜਿਵੇਂ ਕਿ ਸ਼ਿਕਾਇਤਾਂ) ਦਾ ਅਨੁਵਾਦ ਇਕ ਸਹਿਮਤੀ ਨਹੀਂ ਕਰਨਾਂ ਚਾਹੀਦਾ ਜਾਂ ਕਿ ਬੱਚਾ ਪ੍ਰਤਿਕ੍ਰਿਆਵਾਂ ਦਾ ਆਨੰਦ ਮਾਣ ਰਿਹਾ/ਰਹੀ ਹੈ। ਬੱਚਿਆਂ ਕੋਲੋਂ ਦਬਾਉ ਅਤੇ ਚਾਲਬਾਜ਼ੀ ਰਾਹੀਂ ਲਿੰਗਕ ਕ੍ਰਿਆਵਾਂ ਕਰਵਾਈਆਂ ਜਾ ਸਕਦੀਆਂ ਹਨ।

---

## ਸਹਿਮਤੀ ਦੀ ਉਮਰ

- 12 ਸਾਲਾਂ ਤੋਂ ਘੱਟ ਉਮਰ ਦੇ ਬੱਚੇ ਕਾਨੂੰਨੀਂ ਤੌਰ ਤੇ ਲਿੰਗਕ ਕ੍ਰਿਆਵਾਂ ਕਰਨ ਲਈ ਸਹਿਮਤੀ ਕਦੀ ਵੀ ਨਹੀਂ ਦੇ ਸਕਦੇ।.

- ਲਿੰਗਕ ਕ੍ਰਿਆਵਾਂ ਕਰਨ ਦੀ ਸਹਿਮਤੀ ਲਈ 14 ਇਕ ਕਾਨੂੰਨੀ ਉਮਰ ਹੈ।

- ਦੀ *ਕ੍ਰਿਮਿਨਲ ਕੋਡ* ਇਹ ਮੰਨਦਾ ਹੈ ਕਿ ਗਭਰੂ ਖੋਜਵੇਂ ਲਿੰਗਕ ਵਰਤਾਉਆਂ ਵਿਚ ਜੁਟਦੇ ਹਨ (ਜਿਵੇਂ ਕਿ “ਜਵਾਨੀ-ਭਰਪੂਰ ਪਰੀਖਣ”)। ਜੇ ਲਿੰਗਕ ਲਗਾਉ ਆਪਸੀ ਸਹਿਮਤੀ ਦੇ ਨਾਲ ਕੀਤਾ ਜਾ ਰਿਹਾ ਹੋਏ ਤਾਂ 12 ਅਤੇ 13 ਸਾਲਾਂ ਦਿਆਂ ਉਤੇ ਸ਼ਾਇਦ ਕ੍ਰਿਮਿਨਲ ਚਾਰਜ ਨਹੀਂ ਲਗਾਏ ਜਾਣਗੇ, ਜਦੋਂ ਕਿ ਉਨ੍ਹਾਂ ਵਿਚਾਲੇ ਕੇਵਲ 2 ਸਾਲਾਂ ਦੀ ਉਮਰ ਦਾ ਅੰਤਰ ਹੈ। ਫੇਰ ਵੀ, ਜੇ ਦੋਹਾਂ ਵਿਚੋਂ ਇਕ ਜਵਾਨ ਕੋਲ ਦੂਜੇ ਉਤੇ *ਵਿਸ਼ਵਾਸ ਜਾਂ ਅਧਿਕਾਰ ਦੀ ਪਦਵੀ ਹੈ* ਤਾਂ ਇਹ ਸਹਿਮਤੀ ਪ੍ਰਮਾਣਕ ਨਹੀਂ ਹੈ। ਉਦਾਹਰਣ ਲਈ, ਇਹ ਕਾਨੂੰਨ ਦੇ ਵਿਰੋਧ ਵਿਚ ਨਹੀਂ ਹੋਏਗਾ ਕਿ ਇਕ 13 ਸਾਲਾਂ ਅਤੇ 15 ਸਾਲਾਂ ਦੇ/ਦੀ ਵਿਚਾਲੇ ਲਿੰਗਕ ਲਗਾਉ ਹੋਣ, ਜਦੋਂ ਤਕ ਕਿ 15 ਸਾਲਾਂ ਦੀ ਉਮਰ ਵਾਲਾ/ਵਾਲੀ ਵਿਸ਼ਵਾਸ ਜਾਂ ਅਧਿਕਾਰ ਦੀ ਪਦਵੀ ਤੇ ਨਾਂ ਹੋਏ (ਜਿਵੇਂ ਕਿ, ਇਕ ਕੋਚ ਜਾਂ ਕੈਂਪ ਦਾ ਕੌਂਸਲਰ ਵਾਂਗ)।

- ਦੀ *ਕ੍ਰਿਮਿਨਲ ਕੋਡ* 14 ਤੋਂ 17 ਦੀਆਂ ਉਮਰਾਂ ਵਾਲਿਆਂ ਨਾਲ, ਵਿਸ਼ਵਾਸ ਜਾਂ ਅਧਿਕਾਰ ਦੀ ਪਦਵੀ ਤੇ ਹੋਣ ਵਾਲੇਆਂ ਦੇ ਹੱਥੀਂ ਲਿੰਗਕ ਦੁਰ-ਵਰਤੋਂ ਹੋਣ ਤੋਂ ਰੱਖਿਆ ਕਰਦਾ ਹੈ। ਇਨ੍ਹਾਂ ਉਮਰਾਂ ਦੇ ਸਮਤਲ ਦੇ ਟੀਨ ਕਿਸੇ ਅਜਿਹੇ/(ਹੀ) ਨਾਲ ਕਾਨੂੰਨੀਂ ਸਹਿਮਤੀ ਨਾਲ ਲਿੰਗਕ ਕ੍ਰਿਆਵਾਂ ਕਰ ਸਕਦੇ/ਸਕਦੀਆਂ ਹਨ ਜੋ ਵਿਸ਼ਵਾਸ ਜਾਂ ਅਧਿਕਾਰ ਦੀ ਪਦਵੀ ਤੇ ਨਾਂ ਹੋਣ। ਇਸਦਾ ਮਤਲਬ ਹੈ, ਉਦਾਹਰਣ ਲਈ, ਇਕ 15ਸਾਲਾਂ ਦੀ ਉਮਰ ਦਾ ਪੁਰਸ਼ ਕਾਨੂੰਨੀਂ ਤੌਰ ਤੇ ਇਕ 20 ਸਾਲਾਂ ਦੀ ਇਸਤਰੀ ਨਾਲ ਲਿੰਗਕ ਲਗਾਉ ਰੱਖ ਸਕਦਾ ਹੈ। ਫੇਰ ਵੀ, ਜੇ 20 ਸਾਲਾਂ ਦੀ ਇਸਤਰੀ ਉਸਦੀ ਟਿਊਟਰ ਹੈ ਤਾਂ ਉਹ ਉਸ ਪੁਰਸ਼ ਉਤੇ ਵਿਸ਼ਵਾਸ ਜਾਂ ਅਧਿਕਾਰ ਦੀ ਪਦਵੀ ਤੇ ਹੋਣ ਕਰਕੇ ਉਲੰਘਣਾਂ ਕਰ ਰਹੀ ਹੋਏਗੀ। ਉਸ ਪੁਰਸ਼ ਦੀ ਅਨੁਮਤੀ ਪ੍ਰਮਾਣਕ ਨਹੀਂ ਹੈ।

2

## ਦੁਰ-ਵਰਤੋਂ ਦੀ ਬਾਬਤ ਦੱਸਣਾਂ

*ਭੇਦ ਖੋਲਣਾ* ਇਕ ਕਾਰਜ-ਪ੍ਰਣਾਲੀ ਹੈ ਜਿਸ ਰਾਹੀਂ ਦੁਰ-ਵਰਤੋਂ ਦੇ ਸ਼ੱਕ ਦੂਜੇਆਂ ਦੇ ਧਿਆਨ ਵਿਚ ਆਉਂਦੇ ਹਨ। ਜਦੋਂ ਬੱਚੇ ਜਾਂ ਯੁਵਕ ਇਹ ਦੱਸਦੇ ਹਨ ਕਿ ਉਹ ਲਿੰਗਕ ਦੁਰ-ਵਰਤੋਂ ਭੋਗ ਰਹੇ ਹਨ, ਉਹ ਸਦਾ ਆਪਣੇ ਮਾਪਿਆਂ ਜਾਂ ਦੇਖ-ਭਾਲ ਕਰਨ ਵਾਲੇਆਂ ਦੇ ਕੋਲ ਨਹੀਂ ਜਾਂਦੇ। ਉਹ ਕਿਸੇ ਅਜਿਹੇ ਨਾਲ ਗੱਲਬਾਤ ਕਰ ਸਕਦੇ ਹਨ ਜਿਸ ਉਤੇ ਉਹ ਵਿਸ਼ਵਾਸ ਕਰਦੇ ਹਨ, ਜਿਵੇਂ ਕਿ ਇਕ ਅਧਿਆਪਕ/(ਕਾ) ਜਾਂ ਇਕ ਮਿੱਤਰ/ਸਹੇਲੀ। ਇਹ ਜਾਣ ਲੈਣ ਤੇ ਕਿ ਤੁਹਾਡਾ/(ਡੀ) ਬੱਚਾ/ਬੱਚੀ ਇਕ ਲਿੰਗਕ ਦੁਰ-ਵਰਤੋਂ ਦਾ/ਦੀ ਸ਼ਿਕਾਰ ਹੋਇਆ/(ਈ) ਹੈ, ਇਹ ਸਮਝਣਾਂ ਅੱਕਸਰ ਔਖਾ ਹੁੰਦਾ ਹੈ ਕਿ ਉਸਨੇਂ ਯੱਕਦਮ ਤੁਹਾਨੂੰ ਕਿਉਂ ਨਹੀਂ ਦੱਸਿਆ, ਜਾਂ ਕਿਸੇ ਹੋਰ ਅੱਗੇ ਇਹ ਭੇਦ ਕਿਉਂ ਖੋਲਿਆ।

ਇਹ ਸਮਝਣਾਂ ਜ਼ਰੂਰੀ ਹੈ ਕਿ ਇਹ ਕੋਈ ਅਸਧਾਰਣ ਗੱਲ ਨਹੀਂ ਹੈ। ਇਸਦਾ ਇਹ ਮਤਲਬ ਨਹੀਂ ਹੈ ਕਿ ਉਹ ਤੁਹਾਨੂੰ ਪਿਆਰ ਜਾਂ ਤੁਹਾਡੇ ਤੇ ਵਿਸ਼ਵਾਸ ਨਹੀਂ ਕਰਦਾ/(ਦੀ)। ਇਹ ਅਜਿਹਾ ਵੀ ਹੋ ਸਕਦਾ ਹੈ ਕਿ ਉਹ ਤੁਹਾਨੂੰ ਚਿੰਤਤ ਜਾਂ ਦੁਖੀ ਨਹੀਂ ਕਰਨਾਂ ਚਾਹੁੰਦਾ/(ਦੀ), ਜਾਂ ਉਹ ਇਹ ਨਹੀਂ ਜਾਣਦਾ/(ਦੀ) ਕਿ ਜੋ ਕੁਝ ਵਾਪਰਿਆ ਹੈ, ਉਸ ਬਾਬਤ ਜਾਨਣ ਤੇ, ਕੀ ਤੁਸੀ ਉਸ ਨਾਲ ਨਿਬੜ ਸਕਦੇ ਹੋ। ਬਹੁਤ ਸਾਰੇ ਬੱਚੇ ਲਿੰਗਕ ਦੁਰ-ਵਰਤੋਂ ਦੀ ਵਿਆਖਿਆ ਕਰਨ ਤੇ ਸ਼ਰਮਿੰਦਗੀ ਮਹਿਸੂਸ ਕਰਦੇ ਹਨ। ਦੂਜੇ ਬੱਚਿਆਂ ਨੂੰ ਧਮਕਾਇਆਂ ਜਾਂ ਚਾਲਸਾਜ਼ੀ ਨਾਲ ਇਸ ਦੁਰ-ਵਰਤੋਂ ਨੂੰ ਗੁਪਤ ਰੱਖਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਜੇ ਤੁਹਾਡਾ ਬੱਚਾ ਅਜਿਹਾ ਭੇਦ ਤੁਹਾਡੇ ਅੱਗੇ ਖੋਲ ਦਿੰਦਾ/ਦਿੰਦੀ ਹੈ, ਤਾਂ ਤੁਸੀ ਸਾਡੇ "ਉਸ ਬੱਚੇ ਦੀ ਸਹਾਇਤਾ ਕਰਨੀਂ ਜੋ ਬੋਲ ਕੇ ਦੱਸ ਦਿੰਦਾ/ਦਿੰਦੀ ਹੈ", ਦਾ ਸੈਕਸ਼ਨ ਕੁਝ ਵਿਚਾਰ ਦੱਸਦਾ ਹੈ ਕਿ ਇਕ ਭੇਦ ਖੋਲ ਦੇਣ ਵਾਲੇ/ਵਾਲੀ ਬੱਚੇ/ਬੱਚੀ ਨਾਲ ਪ੍ਰਤਿਕ੍ਰਿਆ ਕਿਵੇਂ ਕਰਨੀਂ ਹੈ।

## ਬੱਚੇ ਕਦੋਂ ਅਤੇ ਕਿਵੇਂ ਦੱਸਦੇ ਹਨ

ਕਈ ਬੱਚੇ ਦੁਰ-ਵਰਤੋਂ ਦੇ ਹੁੰਦੇਆਂ ਸਾਰ ਹੀ ਦੱਸ ਦਿੰਦੇ ਹਨ, ਫੇਰ ਵੀ, ਬਹੁੱਤ ਸਾਰੇ ਨਹੀਂ ਦੱਸਦੇ। ਅੱਕਸਰ ਬੱਚੇ ਦੱਸਣ ਦੀ ਇੰਤਜ਼ਾਰ ਇਕ ਅਸੀਮਿਤ ਸਮੇਂ ਤਕ ਕਰਦੇ ਹਨ। ਕਈ ਬੱਚੇ ਇਹ ਸਮਝਣ ਲਈ ਬੜੇ ਛੋਟੇ ਹੁੰਦੇ ਹਨ ਕਿ ਜੋ ਕੁਝ ਹੋਇਆ ਹੈ ਉਹ ਗ਼ਲਤ ਹੈ ਅਤੇ ਸ਼ਾਇਦ ਦੱਸਣਾਂ ਨਾਂ ਜਾਣਦੇ ਹੋਣ। ਉਹ ਛੋਟੇ ਬੱਚੇ, ਜੋ ਹਾਲੇ ਬੋਲਦੇ ਨਹੀਂ, ਜਾਂ ਵਿਸ਼ੇਸ਼ ਲੋੜਾਂ ਵਾਲੇ ਬੱਚੇ ਸ਼ਾਇਦ ਵਾਪਰੀ ਹੋਈ ਹੋਣੀਂ ਦਾ ਸੰਚਾਰ ਨਾਂ ਕਰ ਸਕਣ, ਜਾਂ ਇਹ ਸੰਕੇਤ ਕਰਨ ਕਿ ਉਨ੍ਹਾਂ ਨੂੰ ਸਹਾਇਤਾ ਦੀ ਲੋੜ ਹੈ।

ਇਕ ਬੱਚਾ ਸ਼ਾਇਦ ਸਪੱਸ਼ਟਤਾ ਨਾਲ ਵਾਪਰੀ ਘਟਨਾਂ ਦਾ ਭੇਦ ਨਾਂ ਖੋਲ ਸਕੇ, ਕਿਉਂਕਿ ਛੋਟੇ ਬੱਚੇ ਸਮੇਂ ਨੂੰ ਨਹੀਂ ਸਮਝਦੇ, ਜਿਸ ਕ੍ਰਮ ਵਿਚ ਕ੍ਰਿਆਵਾਂ ਵਾਪਰੀਆਂ, ਅਤੇ ਆਪਣੀ ਯਾਦਾਸ਼ਤ ਦੇ ਹੁਨਰਾਂ ਨੂੰ ਹਾਲੇ ਵਿਕਾਸਿਤ ਕਰ ਰਹੇ ਹੁੰਦੇ ਹਨ।

ਕਦੀ ਕਦੀ, ਬੱਚੇ ਸੋਚਦੇ ਹਨ ਕਿ ਉਨ੍ਹਾਂ ਨੇਂ ਦੱਸ ਦਿੱਤਾ ਹੈ ਅਤੇ ਕੋਈ ਵੀ ਨਹੀਂ ਸੁਣ ਰਿਹਾ (ਜਿਵੇਂ ਕਿ “ਮੈਂ ਅੰਕਲ ਜੋਨ ਵਲ ਹੋਰ ਨਹੀਂ ਜਾਣਾ ਚਾਹੁੰਦਾ/ਚਾਹੁੰਦੀ”)।

ਛੋਟੇ ਬੱਚਿਆਂ ਵਲੋਂ ਅਚਾਨਕ ਹੀ ਭੇਦ ਖੋਲ ਦੇਣ ਦੀ ਵਾਧੂ ਸੰਭਾਵਨਾਂ ਹੁੰਦੀ ਹੈ। ਤਸੀ ਹੇਠਾਂ ਲਿਖੇ ਅਧਾਰਾਂ  ਉਤੇ ਇਹ ਸ਼ੱਕ ਕਰ ਸਕਦੇ ਹੋ ਕਿ ਉਤੇ ਤੁਹਾਡੇ ਬੱਚੇ ਨਾਲ ਕੁਝ ਵਾਪਰਿਆ ਹੈ:

- ਖੇਡਾਂ ਵੇਲੇ ਜੋ ਕੁਝ ਤੁਸੀ ਦੇਖਦੇ ਜਾਂ ਸੁਣਦੇ ਹੋ;
- ਉਸਦੇ ਵਰਤਾਓ ਵਿਚ ਪਰਿਵਰਤਨ;
- ਚੋਰੀ-ਛੁੱਪੇ ਉਸਨੂੰ ਆਪਣੇਂ/(ਣੀਂ) ਮਿੱਤਰ/ਸਹੇਲੀ ਨੂੰ ਕੁਝ ਦੱਸਦੇਆਂ ਸੁਣ ਲੈਂਦੇ ਹੋ; ਜਾਂ
- ਅਜਿਹੇ ਪ੍ਰਸ਼ਨ/ਟਿੱਪਣੀਆਂ ਜੋ ਵਿਸ਼ਿਸ਼ਟ ਡਰਾਂ ਜਾਂ ਚਿੰਤਾਵਾਂ ਨੂੰ ਪ੍ਰਗਟ ਕਰਦੀਆਂ ਹਨ।

ਯੁਵਕਾਂ ਲਈ ਇਹ ਬਹੁਤਾ ਸੰਭਵ ਹੈ ਕਿ ਉਹ ਦੁਰ-ਵਰਤੋਂ ਦੀ ਬਾਬਤ ਗੱਲਬਾਤ ਕਰਦੇਆਂ ਜਾਂ ਸਹਾਇਤਾ ਦੀ ਮੰਗ ਕਰਦੇਆਂ ਭੇਦ ਨੂੰ ਜਾਣ ਬੁੱਝ ਕੇ ਖੋਲ ਸਕਦੇ ਹਨ। ਕਈ ਯੁਵਕ/ਯੁਵਕੀਆਂ ਆਰੰਭ ਵਿਚ ਥੋੜਾ ਜਿਹਾ ਦੱਸ ਕੇ ਵੇਖਦੇ ਹਨ ਕਿ ਸੁਣਨ ਵਾਲਾ/ਵਾਲੀ ਕਿਵੇਂ ਦੀ ਕ੍ਰਿਆ ਕਰਦਾ/(ਦੀ) ਹੈ। ਸਮੇਂ ਦੇ ਨਾਲ ਨਾਲ ਜਦੋਂ ਉਹ ਵਿਸ਼ਵਾਸ-ਯੋਗਤਾ, ਸੁਰੱਖਿਆ ਅਤੇ ਸਹਾਇਤਾ-ਬਲ ਦੇ ਭਰੋਸੇ ਮਹਿਸੂਸ ਕਰਦਾ/(ਦੀ) ਹੈ, ਉਹ ਬਹੁਤਾ ਵੀ ਦੱਸ ਸਕਦਾ/(ਦੀ) ਹੈ।



## ਉਹ ਕੀ ਕੁਝ ਹਨ ਜੋ ਇਕ ਬੱਚੇ ਜਾਂ ਯੁਵਕ ਨੂੰ ਦੁਰ-ਵਰਤੋਂ ਬਾਬਤ ਦੱਸਣ ਤੋਂ ਰੋਕੀ ਰੱਖ ਸਕਦੇ ਹਨ

ਹਰ ਵਿਅਕਤੀ ਇਕ ਲਿੰਗਕ ਦੁਰ-ਵਰਤੋਂ ਦੇ ਵਲ ਭਿੰਨਤਾ ਨਾਲ ਪੇਸ਼ ਆਉਂਦਾ/(ਦੀ) ਹੈ, ਭਾਵੇਂ ਉਸ ਦੁਰ-ਵਰਤੋਂ ਦੀ ਪ੍ਰਕਾਰ, ਹੱਦ ਜਾਂ ਮੁਦੱਤ ਕਿਵੇਂ ਦੀ ਵੀ ਹੋਏ। ਤੁਹਾਨੂੰ ਤੁਹਾਡੇ ਬੱਚੇ ਵਲੋਂ ਦੁਰ-ਵਰਤੋਂ ਦੀ ਬਾਬਤ ਨਾਂ ਦੱਸਣ ਦੇ ਕਈ ਕਾਰਣ ਹੈ ਹਨ। ਹੇਠਾਂ ਲਿਖਿਆਂ ਕੁਝ ਇਕ ਭਾਵਨਾਵਾਂ ਹਨ, ਜੋ ਇਕ ਬੱਚੇ ਨੂੰ ਦੱਸਣ ਤੋਂ ਹਟਾਈ ਰੱਖ ਸਕਦੀਆਂ ਹਨ:

### ਡਰ

• ਉਹ ਬੱਚੇ ਜੋ ਡਰਾਏ ਜਾਂਦੇ ਹਨ, ਇਹ ਸੋਚ ਸਕਦੇ ਹਨ ਕਿ ਜੇ ਉਨ੍ਹਾਂ ਨੇਂ ਦੱਸਿਆਂ ਤਾਂ ਧਮਕੀਆਂ ਸੱਚਮੁੱਚ ਹੀ ਵਾਪਰਣ ਗੀਆ (ਜਿਵੇਂ ਕਿ ਭੇਦ ਦੱਸ ਦੇਣ ਕਰਕੇ ਟੱਬਰ ਅੱਡ ਅੱਡ ਹੋ ਜਾਏਗਾ)।

• ਬੱਚਾ/ਬੱਚੀ ਟੱਬਰ ਵਲੋਂ, ਮਿੱਤਰਾਂ/ਸਹੇਲੀਆਂ ਵਲੋਂ, ਜਾਂ ਕਈ ਹਾਲਾਤਾਂ ਵਿਚ ਉਲੰਘਣਾਕਾਰੀ ਵਲੋਂ ਰੱਦ ਕੀਤੇ ਜਾਣ ਦਾ ਡਰ, ਦੁਖੀਪਣ, ਜਾਂ ਦੂਜੀਆਂ ਨਿਰਾਸ਼ਵਾਦੀ ਕ੍ਰਿਆਵਾਂ ਕਰ ਸਕਦਾ/(ਦੀ) ਹੈ।

• ਬੱਚਾ/ਬੱਚੀ ਡਰ ਸਕਦਾ/(ਦੀ) ਹੈ ਕਿ ਦੁਰ-ਵਰਤੋਂ ਬਾਬਤ ਜਾਨਣ ਤੋਂ ਬਾਅਦ ਲੋਕੀ ਉਸ ਨਾਲ ਇਕ ਵੱਖਰਾ ਵਰਤਾਓ ਕਰਨਗੇ।

### ਉਲਝਣਾਤਮਕ ਅਤੇ ਵਿਰੋਧੀ ਭਾਵਨਾਵਾਂ

• ਜਦੋਂ ਇਕ ਬੱਚੇ ਨਾਲ ਇਕ ਵਿਸ਼ਵਾਸਪ੍ਰਾਪਤ ਵਿਅਕਤੀ ਦੁਆਰਾ ਦੁਰ-ਵਰਤੋਂ ਕੀਤੀ ਜਾਂਦੀ ਹੈ ਤਾਂ ਇਹ ਹੋਣੀਂ ਗੁੱਸੇ, ਵਿਸ਼ਵਾਸਘਾਤ ਅਤੇ ਡੂੰਘੀ ਉਦਾਸੀ ਦੀਆਂ ਭਾਵਨਾਵਾਂ ਪਿੱਛੇ ਛੱਡ ਜਾਂਦੀ ਹੈ। ਉਹ ਜੋ ਮੈਨੂੰ ਪਿਆਰ ਕਰਦਾ/(ਦੀ) ਹੈ, ਉਹੀ ਜਾਣਾਂ/(ਣੀਂ) ਅਜਿਹਾ ਕਿਉਂ ਕਰੇਗਾ/(ਗੀ)?

• ਇਕ ਬੱਚਾ/ਬੱਚੀ ਉਲਝਣ ਮਹਿਸੂਸ ਕਰ ਸਕਦਾ/(ਦੀ) ਹੈ ਕਿਉਂਕਿ ਉਹ ਦੁਰ-ਵਰਤੋਂ ਕਰਨ ਵਾਲੇ/ਵਾਲੀ ਨੂੰ ਪਿਆਰ ਜਾਂ ਉਸਦਾ/(ਦੀ) ਚਾਹਵਾਨ ਹੈ – ਕੀ ਉਹ ਦੁਰ-ਵਰਤੋਂ ਕਰਨ ਵਾਲੇ ਨਾਲ ਵਫ਼ਾਦਾਰ ਰਹੇ, ਜਾਂ ਵਾਪਰੀ ਘਟਨਾਂ ਬਾਬਤ ਦੱਸ ਦਏ?

• ਇਸਨੂੰ ਸਮਝਣਾਂ ਬੜਾ ਹੀ ਉਲਝਣਾਤਮਕ ਅਤੇ ਔਖਾ ਹੋ ਸਕਦਾ ਹੈ ਜੇਕਰ ਦੁਰ-ਵਰਤੋਂ ਦੇ ਦੌਰਾਨ ਬੱਚੇ/ਬੱਚੀ ਦੇ ਸ਼ਰੀਰ ਨੇਂ ਪ੍ਰਤਿਕ੍ਰਿਆ ਕੀਤੀ ਹੋਏ।

### ਸਵੈ-ਦੋਸ਼ ਅਤੇ ਅਪਰਾਧ-ਭਾਵਨਾਂ

• ਇਕ ਬੱਚਾ/ਬੱਚੀ ਇਹ ਸੋਚ ਸਕਦਾ ਹੈ ਕਿ ਲਿੰਗਕ ਦੁਰ-ਵਰਤੋਂ ਉਸਦਾ ਨਸੀਬ ਹੈ ਕਿਉਂਕਿ ਉਹ ਪਿਆਰ, ਧਿਆਨ ਚਾਹੁੰਦਾ/(ਦੀ) ਸੀ ਅਤੇ ਦੋਸ਼ੀ ਉਲੰਘਣਾਕਾਰੀ ਕੋਲੋਂ ਇਨਾਮ/ਪ੍ਰੀਤੀ-ਭੋਜਨ ਸਵਿਕਾਰ ਕੀਤੇ ਸਨ।

• ਕਈ ਬੱਚੇ ਇਸ ਗੱਲੋਂ ਸਵੈ-ਦੋਸ਼ੀ ਸਮਝਦੇ ਹਨ ਕਿ ਉਨ੍ਹਾਂ ਨੇਂ ਦੁਰ-ਵਰਤੋਂ ਨੂੰ ਰੋਕਿਆ ਨਹੀਂ ਸੀ, ਜਾਂ ਇਸ ਕਰਕੇ ਕਿ ਉਨ੍ਹਾਂ ਨੇਂ ਦੁਰ-ਵਰਤੋਂ ਨੂੰ ਰੋਕਿਆ ਤੇ ਸੀ, ਪਰ ਦੁਰ-ਵਰਤੋਂ ਫੇਰ ਵੀ ਵਾਪਰੀ ਸੀ।

### ਅਸੁਰੱਖਿਅਤ ਅਤੇ ਨਿਰਬਲ ਮਹਿਸੂਸ ਕਰਨਾ

• ਇਕ ਬੱਚਾ/ਬੱਚੀ ਇਸ ਗੱਲੋਂ ਵੀ ਨਿਰਬਲ ਅਤੇ ਅਸੁਰੱਖਿਅਤ (ਵਾਧੂ ਜੋਖਮ ਵਿਚ) ਮਹਿਸੂਸ ਕਰ ਸਕਦਾ/(ਦੀ) ਹੈ ਕਿ ਉਸਨੇਂ ਜੋ ਕੁਝ ਵੀ ਕੀਤਾ, ਦੁਰ-ਵਰਤੋਂ ਨਾਂ ਰੁਕੀ, ਜਾਂ ਇਸਨੂੰ ਰੋਕਣ ਦਾ ਕੋਈ ਰਾਹ ਨਹੀਂ ਸੀ। ਬੱਚਾ/ਬੱਚੀ ਇਹ ਸੋਚ ਸਕਦਾ/(ਦੀ) ਹੈ ਕਿ ਦੁਰ-ਵਰਤੋਂ-ਕਰਤਾ ਨੂੰ ਕੋਈ ਨਹੀਂ ਰੋਕ ਸਕਦਾ/(ਦੀ)।

• ਕਈ ਬੱਚੇ ਵੱਖਰੇਪਣ ਵਿਚ ਹੁੰਦੇ ਹਨ, ਜਿੱਥੇ ਮਦਦ ਜਾਂ ਸਹਾਇਤਾ-ਬਲ ਲਈ ਕੋਈ ਨਹੀਂ ਹੁੰਦਾ/ਹੁੰਦੀ, ਜਾਂ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਸੁਰੱਖਿਆ ਜਾਂ ਸਹਾਇਤਾ ਲਈ ਕੋਈ ਵੀ ਨਹੀਂ ਹੈ।

• ਬੱਚੇ ਆਪਣੀ ਸੁਖ-ਸਾਂਦ, ਭਲਾਈ ਅਤੇ ਸੁਰੱਖਿਆ ਲਈ ਮਾਪਿਆਂ/ਦੇਖ-ਭਾਲ ਉਤੇ ਬਹੁਤ ਨਿਰਭਰ ਹੁੰਦੇ ਹਨ, ਅਤੇ ਇਹ ਚਿੰਤਾ ਕਰ ਸਕਦੇ ਹਨ ਕਿ ਦੁਰ-ਵਰਤੋਂ ਦਾ ਭੇਦ ਖੁੱਲ ਜਾਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕੌਣ ਕਰੇਗਾ/(ਗੀ)।

### ਲਿੰਗਕ ਦੁਰ-ਵਰਤੋਂ ਦੇ ਸੰਭਵ ਸੰਕੇਤ

ਕਈ ਬੱਚੇ ਇਸ ਗੱਲ ਦੀਆਂ ਨਿਸ਼ਾਨੀਆਂ, ਸੰਕੇਤਾਂ ਜਾਂ ਸੂਹਾਂ ਦੀ ਪ੍ਰਦਰਸ਼ਨੀ ਕਰਦੇ ਹਨ ਜੋ ਤੁਹਾਨੂੰ ਇਸ ਸ਼ੱਕ ਦੀ ਅਗਵਾਈ ਕਰਦੀ ਹੈ ਕਿ ਲਿੰਗਕ ਦੁਰ-ਵਰਤੋਂ ਵਾਪਰੀ ਹੈ। ਇਨ੍ਹਾਂ ਨੂੰ ਸੰਕੇਤ (*ਇੰਡੀਕੇਟਰਜ਼*) ਕਹਿੰਦੇ ਹਨ। ਇਹ ਸੰਕੇਤ ਸ਼ਰੀਰਕ, ਵਰਤਾਓ ਅਤੇ/ਜਾਂ ਭਾਵਨਾਤਮਕ ਹੋ ਸਕਦੇ ਹਨ।

ਜੇ ਤੁਸੀ ਇਨ੍ਹਾਂ ਵਿਚੋਂ ਕਿਸੇ ਵੀ ਸੰਕੇਤ ਨੂੰ ਨੋਟਸ ਕਰਦੇ ਹੋ, ਇਸਦਾ ਇਹ ਮਤਲਬ ਨਹੀਂ ਹੈ ਕਿ ਤੁਹਾਡੇ ਬੱਚੇ ਨਾਲ ਲਿੰਗਕ ਦੁਰ-ਵਰਤੋਂ ਕੀਤੀ ਗਈ ਹੈ। ਕਈ ਸੰਕੇਤ ਕਿਸੇ ਹੋਰ ਹੋਣੀਂ ਜਿਵੇਂ ਕਿ ਟੱਬਰ ਵਿਚ ਮੌਤ, ਜਾਂ ਇਕ ਟੱਬਰੀ ਵੱਖਰਾਪਣ ਦੇ ਹੋਣ ਕਰਕੇ ਵੀ ਹੋ ਸਕਦੇ ਹਨ। ਜੇ ਤੁਹਾਨੂੰ ਚਿੰਤਾ ਹੈ ਕਿ ਸ਼ਾਇਦ ਤੁਹਾਡੇ ਬੱਚੇ ਨਾਲ ਲਿੰਗਕ ਦੁਰ-ਵਰਤੋਂ ਵਾਪਰੀ ਹੈ ਤਾਂ ਆਪਣੀਆਂ ਚਿੰਤਾਵਾਂ ਬਾਬਤ ਗੱਲਬਾਤ ਕਰਨ ਲਈ ਇਕ *ਚਿਲਡਰੰਸ ਏਡ ਸੋਸਾਇਟੀ* (ਸੀ ਏ ਐਸ) ਨੂੰ ਕਾਲ ਕਰੋ।

### ਲਿੰਗਕ ਦੁਰ-ਵਰਤੋਂ ਦੇ ਸੰਭਵ ਸੰਕੇਤ

- ਹਿੱਕ, ਜਣਨ-ਅੰਗਾਂ ਜਾਂ ਚਿੱਤੜਾਂ ਦੇ ਖੇਤਰਾਂ ਉਤੇ ਬਿਆਨ ਨਾਂ ਕੀਤੇ ਜਾ ਸਕਣ ਵਾਲੇ ਜ਼ਖ਼ਮ।

- ਲਹੂ-ਲੁਹਾਨ ਕੱਪੜੇ।

- ਪਿਸ਼ਾਬ ਜਾਂ ਟੱਟੀ ਵਿਚ ਲਹੂ।

- ਜਣਨ-ਅੰਗਾਂ ਜਾਂ ਚਿੱਤੜਾਂ ਦੇ ਖੇਤਰਾਂ ਵਿਚ ਪੀੜ ਦੀਆਂ ਸ਼ਿਕਾਇਤਾਂ।

- ਜਣਨ-ਅੰਗਾਂ ਜਾਂ ਚਿੱਤੜਾਂ ਦੇ ਖੇਤਰਾਂ ਉਤੇ ਵਿਲੱਖਣੇਂ ਜਾਂ ਵਾਧੂ ਖਾਰਸ਼।

- ਬੈਠਿਆਂ ਜਾਂ ਤੁਰਦੇਆਂ ਪੀੜ ਹੋਣੀਂ।

- *ਸੰਭੋਗ ਰਾਹੀਂ ਸੰਚਾਰ ਛੂਤ-ਰੋਗ।*

- ਗਰਭਵਤੀ ਹੋ ਜਾਣਾਂ।

(ਡਾਕਟਰੀ ਧਿਆਨ ਦੀ ਲੋੜ ਵਾਲੇ ਸ਼ਰੀਰਕ ਸੰਕੇਤਾਂ ਲਈ ‘‘ਮੈਡੀਕਲ ਅਟੈਨਸ਼ਨ’’ ਸੱਦੇ ਜਾਣ ਵਾਲੇ ਨੂੰ ਅਧਿਆਇ 4 ਦੇ ਖੰਡ ਵਿਚ ਵੇਖੋ)

**ਲਿੰਗਕ ਦੁਰ-ਵਰਤੋਂ ਦੇ ਸੰਭਵ ਵਰਤਾਓ/ਭਾਵਨਾਤਮਕ ਸੰਕੇਤ**

• ਬੱਚੇ ਦੀ ਉਮਰ ਅਤੇ ਵਿਕਾਸ ਦੀ ਪੱਧਰ ਵਜੋਂ ਆਸ ਤੋਂ ਵੱਧ ਲਿੰਗਕ ਗਿਆਨ ਜਾਂ ਜਾਣਕਾਰੀ ਹੋਣੀਂ।

• ਪਛਾਖੜੇ ਵਰਤਾਓ (ਇਕ ਵਰਤਾਓ ਜੋ ਅਜਿਹਾ ਲੱਗੇ ਕਿ ਜਦੋਂ ਬੱਚਾ/ਬੱਚੀ ਛੋਟੀ ਉਮਰ ਦਾ/ਦੀ ਸੀ, ਜਿਵੇਂ ਕਿ ਅੰਗੂਠਾ ਚੁੰਘਣਾਂ, ਬਿਸਤਰੇ ਵਿਚ ਪਿਸ਼ਾਬ ਕਰ ਦੇਣਾਂ)।

• ਦੂਜੇ ਬੱਚਿਆਂ ਨਾਲ ਜ਼ੋਰ ਜਾਂ ਲੁਕਾਉ ਦੀ ਵਰਤੋਂ ਕਰਦਿਆਂ ਹੋਇਆਂ ਲਿੰਗਕ ਵਿਹਾਰ ਕਰਨਾਂ।

• ਬਾਲਗ਼ੀ ਲਿੰਗਕ ਹਰਕਤਾਂ ਦੀ ਨਕਲ ਕਰਨੀਂ।

• ਨੀਂਦ ਵਿਚ ਵਿਘਨ (ਜਿਵੇਂ ਕਿ ਭੈੜੇ ਸੁਫ਼ਨੇ ਆਉਣੇਂ)

• ਦੁਰ-ਵਰਤੋਂ ਦੀ ਬਾਬਤ ਲਿਖਣਾਂ ਜਾਂ ਕਲਾਕਾਰੀ ਕਰਨਾਂ।

• ਮਨੋ-ਦਸ਼ਾ ਵਿਚ ਬਿਆਨ ਨਾਂ ਕੀਤੇ ਸਕਣ ਵਾਲੀਆਂ ਅਦਲਾ-ਬਦਲੀਆਂ (ਜਿਵੇਂ ਕਿ ਸਵੈ-ਸਿਮਟਾਉ ਜਾਂ ਆਕ੍ਰਮਣਸ਼ੀਲ ਹੋਣਾਂ)।

• ਨਿੱਘੇਪਣ ਜਾਂ ਨੇੜੇਪਣ ਤੋਂ ਅਸਧਾਰਣ ਡਰ ਰੱਖਣਾਂ।

• ਵਿਸ਼ੇਸ਼ ਲੱਛਣਾਂ ਵਾਲੇ ਖਾਸ ਵਿਅਕਤੀਆਂ ਕੋਲੋਂ ਇਕ ਅਸਧਾਰਣ ਡਰ ਰੱਖਣਾਂ (ਜਿਵੇਂ ਕਿ ਡੂੰਘੀ ਆਵਾਜ ਵਾਲ਼ੇ)।

ਕਿਸੇ ਜਾਣੇ-ਪਛਾਣੇਂ ਸਥਾਨ ਤੇ ਜਾਣ ਤੋਂ ਡਰਨਾਂ।



• ਖਾਣ-ਪੀਣ ਦੀਆਂ ਆਦਤਾਂ ਵਿਚ ਯੱਕਦਨ ਅਦਲਾ-ਬਦਲੀਆਂ (ਜਿਵੇਂ ਕਿ ਅਚਾਨਕ ਹੀ ਵਜ਼ਨ ਵਿਚ ਘਾਟਾ ਜਾਂ ਵਾਧਾ ਆ ਜਾਣਾਂ)।

• ਸਕੂਲ ਵਿਚ ਕਰਤੱਵ-ਨਿਭਾਉ ਵਿਚ ਅਦਲਾ-ਬਦਲੀ ਆ ਜਾਣੀਂ।

• ਵਿਕਾਸ ਕਰਨ ਵਿਚ ਦੇਰੀਆਂ ( ਜਿਵੇਂ ਕਿ ਆਸ ਕੀਤੇ ਹੋਏ ਬੋਲੀ ਜਾਂ ਗਤੀਕਾਰ ਵਿਕਾਸ ਵਿਚ ਪ੍ਰਗਤੀ ਨਾਂ ਕਰਨੀਂ)।

• ਦੁਖਦਾਈ-ਹੋਣੀਆਂ-ਉਪਰੰਤ ਤਣਾਉਵੀ ਖਲਬਲੀ ਦੀਆਂ ਨਿਸ਼ਾਨੀਆਂ (ਇਕ ਦੁਖਦਾਈ-ਹੋਣੀਂ, ਦੇ ਨਾਲ ਸਬੰਧਤ ਨਿਸ਼ਾਨੀ ਜੋ ਭੁੱਲਦੀ ਨਹੀਂ, ਉਦਾਹਰਣ ਲਈ, ਅਜਿਹੀਆਂ ਪਿਛੱਲ-ਝਾਤੀਆਂ ਜੇੜ੍ਹੀਆਂ ਕਿ ਯਾਦਾਂ ਹਨ ਜੋ ਇਕ ਵਿਅਕਤੀ ਨੂੰ ਇਹ ਮਹਿਸੂਸ ਕਰਵਾਉਂਦੀਆਂ ਹਨ ਕਿ ਉਹ ਮੁੜ ਉਨ੍ਹਾਂ ਹਾਲਾਤਾਂ ਵਿਚ ਪਿਆ/ਪਈ ਹੋਇਆ/ਹੋਈ ਹੈ। ਪਿਛੱਲ-ਝਾਤੀਆਂ ਦੇ ਹੋਣ ਨਾਲ ਬੇਚੈਨੀਂ, ਦਿਲ ਦੀ ਤੇਜ਼ ਧੜਕਨ ਅਤੇ ਤਣਾਉ ਜਾਂ ਡਰ ਦੀਆਂ ਨਿਸ਼ਾਨੀਆਂ ਅਕਸਰ ਵਾਪਰਦੀਆਂ ਹਨ)।

• ਕਿਸੇ ਜਾਣੂ ਕਾਰਣ ਦੇ ਬਗ਼ੈਰ ਹੀ ਸ਼ਰੀਰਕ ਸ਼ਿਕਾਇਤਾਂ (ਜਿਵੇਂ ਕਿ ਸਿਰ ਅਤੇ ਢਿੱਡ ਵਿਚ ਪੀੜਾਂ)।

• (ਘਰੋਂ) ਭੱਜ ਜਾਣਾਂ।

• ਆਤਮ-ਹੱਤਿਆ ਕਰ ਲੈਣ ਦੇ ਵਿਚਾਰ ਜਾਂ ਯਤਨ।

• ਆਪਣੇਂ ਆਪ ਨੂੰ ਨੁਕਸਾਨ ਪਹੁੰਚਾਉਣ ਦੇ ਵਰਤਾਉ ਵਿਚ ਰੁੱਝਣਾਂ (ਜਿਵੇਂ ਕਿ ਸ਼ਰਾਬ ਜਾਂ ਨਸ਼ੀਲੀ ਦਵਾਈ ਦੀ ਵਰਤੋਂ/ਦੁਰ-ਵਰਤੋਂ, ਵੱਢਣਾਂ, ਰੰਡੀਪੁਣਾਂ ਕਰਨਾਂ)।

## ਦੱਸ ਦੇਣ ਵਾਲੇ ਬੱਚੇ ਦੀ ਸਹਾਇਤਾ ਕਰਨੀਂ

ਜਦੋਂ ਤੁਹਾਡਾ/(ਡੀ) ਬੱਚਾ/ਬੱਚੀ ਵਾਪਰੀ ਹੋਈ ਲਿੰਗਕ ਦੁਰ-ਵਰਤੋਂ ਬਾਬਤ ਤੁਹਾਨੂੰ ਦੱਸਦਾ/(ਦੀ) ਹੈ, ਅਤੇ ਤੁਸੀ ਇਸ ਵਲ ਪ੍ਰਤਿਕ੍ਰਿਆ ਕਿਵੇਂ ਅਤੇ ਕੀ ਕੁਝ ਕਰਦੇ ਹੋ, ਇਹ ਉਸਦੇ ਲਈ ਇਸ ਵਾਪਰੀ ਘਟਨਾਂ ਨਾਲ ਅੰਤ ਵਿਚ ਸਿੱਝਣ ਲਈ ਬੜਾ ਮਹੱਤਵਪੂਰਣ ਹੈ। ਇਕ ਬੱਚਾ, ਜੋ ਇਹ ਮਹਿਸੂਸ ਕਰੇ ਕਿ ਘੱਟੋਂ ਘੱਟ ਇਕ ਮਾਂ ਜਾਂ ਪਿਉ ਜਾਂ ਦੇਖ-ਭਾਲ ਕਰਨ ਵਾਲਾ/ਵਾਲੀ ਉਸ ਉਤੇ ਵਿਸ਼ਵਾਸ ਕਰਦਾ/(ਦੀ) ਅਤੇ ਸਹਾਇਤਾ-ਬਲ ਦਿੰਦਾ/ਦਿੰਦੀ ਹੈ, ਉਸਦਾ ਇਸ ਦੁਰ-ਵਰਤੋਂ ਵਿਚੋਂ ਤਾਬੇ ਆ ਜਾਣਾਂ ਬਹੁਤ ਸੰਭਵ ਹੁੰਦਾ ਹੈ। ਜੇ ਤੁਸੀ ਕੁਝ ਅਜਿਹਾ ਵੇਖਦੇ ਜਾਂ ਸੁਣਦੇ ਹੋ ਜੋ ਤੁਹਾਨੂੰ ਇਕ ਬੱਚਾ ਦੁਰ-ਵਰਤੋਂ ਦਾ ਸ਼ੱਕ ਪਾਉਂਦਾ ਹੈ ਤਾਂ ਤੁਸੀ ਹੇਠਾਂ ਲਿਖੀਆਂ ਨੂੰ ਧਿਆਨ ਵਿਚ ਰੱਖਣ ਦੇ ਯਤਨ ਕਰੋ: (ਵੇਖੋ ਅਧਿਆਇ 3 ਬੱਚਾ ਲਿੰਗਕ ਦੁਰ-ਵਰਤੋਂ ਦੇ ਸ਼ੱਕਾਂ ਦੀ ਰਿਪੋਰਟ ਕਰਨਾਂ)।

---

**1. ਆਪਣੀਆਂ ਭਾਵਨਾਵਾਂ ਉਤੇ ਕਾਬੂ ਰੱਖੋ।**
ਸ਼ਾਂਤ ਰਹਿਣ ਦੇ ਯਤਨ ਕਰੋ। ਇਹ ਤੁਹਾਨੂੰ ਇਕ ਬੱਚੇ ਦੇ ਖੁੱਲਕੇ ਗੱਲਾਂ ਕਰਨ ਵਿਚ ਸਹਾਇਤਾ ਕਰ ਸਕਦਾ ਹੈ। ਜੇ ਤੁਹਾਨੂੰ ਦੋਸ਼ੀ ਉਲੰਘਣਾਕਾਰੀ ਉਤੇ ਕੋਈ ਗੁੱਸਾ ਹੈ ਤਾਂ ਇਸ ਤੇ ਕਾਬੂ ਰੱਖੋ ਕਿਉਂਕਿ ਤੁਹਾਡਾ/(ਡੀ) ਬੱਚਾ/ਬੱਚੀ ਇਹ ਸਮਝ ਸਕਦਾ/(ਦੀ) ਹੈ ਕਿ ਤੁਸੀ ਇਹ ਗੁੱਸਾ ਉਸ ਉਤੇ ਕਰ ਰਹੇ ਹੋ।

**2. ਦਿਲਾਸਾ ਪੇਸ਼ ਕਰੋ।**
ਅਗਾਂਹ ਵਧੋ, ਬਾਹਾਂ ਵਿਚ ਲੈ ਕੇ ਆਪਣੇ ਬੱਚੇ ਨੂੰ ਦਿਲਾਸਾ ਦਿਓ। ਆਪਣੇ ਬੱਚੇ ਦੀਆਂ ਭਾਵਨਾਵਾਂ ਅਤੇ ਪ੍ਰਤਿਕ੍ਰਿਆਵਾਂ ਦਾ ਆਦਰ ਕਰਨਾਂ ਯਾਦ ਰੱਖੋ। ਕੁਝ ਮੋਹਲਤ-ਮੁੱਦਤ ਦੇਣ ਲਈ ਇੱਛਾਵਾਨ ਰਹੋ। ਅਜਿਹੇ ਵੇਲੇ ਸਾਰੇ ਹੀ ਬੱਚੇ ਕਿਸੇ ਵਲੋਂ ਵੀ ਛੋਹਿਆ ਜਾਣਾਂ ਨਹੀਂ ਚਾਹੁੰਦੇ।

**3. ਆਪਣੇ ਬੱਚੇ/ਬੱਚੀ ਨੂੰ ਇਹ ਕੁਝ ਦੱਸਦੇਆਂ ਵਿਸ਼ਵਾਸ ਦਿਲਾਓ:**
- ਇਹ ਕੁਝ ਦੂਜੇ ਬੱਚਿਆਂ ਨਾਲ ਵੀ ਵਾਪਰਦਾ ਹੈ;
- ਦੱਸ ਦੇਣਾਂ ਇਕ ਬਹਾਦਰੀ ਸੀ ਅਤੇ ਤੁਹਾਨੂੰ ਉਸ ਉਤੇ ਮਾਣ ਹੈ;
- ਉਸਦੀ ਸਹਾਇਤਾ ਅਤੇ ਰੱਖਿਆ ਲਈ ਤੁਸੀ ਉਹ ਸਭ ਕੁਝ ਕਰੋਗੇ, ਜੋ ਕੁਝ ਤੁਸੀ ਕਰ ਸਕਦੇ ਹੋ;
- ਤੁਸੀ ਆਪਣਾਂ ਪਿਆਰ ਅਤੇ ਸਹਾਇਤਾ-ਬਲ ਪੇਸ਼ ਕਰਨ ਲਈ ਮੌਜੂਦ ਹੋ; ਅਤੇ
- ਉਹ ਤੁਹਾਡੇ ਕੋਲ ਕਿਸੇ ਵੀ ਚੀਜ਼ ਲਈ ਕਦੀ ਵੀ ਆ ਸਕਦਾ/(ਦੀ) ਹੈ।

**4. ਆਪਣੇ ਬੱਚੇ ਦੀ ਉਮਰ ਅਤੇ ਹੁਨਰਾ ਤੋਂ ਜਾਣੂੰ ਰਹੋ।**
ਆਪਣੇਂ ਬੱਚੇ ਨੂੰ ਉਸਦੇ ਆਪਣੇਂ, ਜਿਸ ਵਿਚ ਬੋਲ-ਕੁਬੋਲ ਸ਼ਾਮਲ ਹਨ, ਸ਼ਬਦਾਂ ਦਾ ਪ੍ਰਯੋਗ ਕਰਨ ਦਿਓ ਕਿਉਂਕਿ ਸ਼ਾਇਦ ਕੇਵਲ ਇਹ ਹੀ ਇਕ ਤਰੀਕਾ ਹੈ ਜਿਸ ਰਾਹੀਂ ਉਹ ਵਾਪਰੀ ਘਟਨਾਂ ਨੂੰ ਦਰਸਾਉਣਾਂ ਜਾਣਦਾ/(ਦੀ) ਹੋਏ। ਸਬਰ ਰੱਖੋ, ਉਸ ਲਈ ਇਹ ਔਖਾ ਹੋ ਸਕਦਾ ਹੈ। ਭਾਵੇਂ ਵੇਰਵਾ ਸਪੱਸ਼ਟ ਨਹੀਂ ਹੈ, ਉਸ ਦੁਆਰਾ ਪ੍ਰਯੋਗ ਕੀਤੇ ਗਏ ਸ਼ਬਦਾਂ ਨੂੰ ਸਹੀ ਜਾਂ ਅਦਲ-ਬਦਲ ਨਾਂ ਕਰੋ। ਛਾਣ-ਬੀਣ ਲਈ ਇਹ ਬਹੁਤ ਲੋੜੀਂਦਾ ਹੈ ਕਿ ਘਟਨਾਂ ਦੱਸਦੇਆਂ ਤੁਹਾਡੇ ਬੱਚੇ/ਬੱਚੀ ਦੇ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਏ।

**5. ਕੇਵਲ ਅਜਿਹੇ ਪ੍ਰਸ਼ਨ ਹੀ ਪੁੱਛੋ ਜੇੜ੍ਹੇ ਤੁਹਾਡੇ ਬੱਚੇ/ਬੱਚੀ ਨੂੰ ਵਾਪਰੀ ਘਟਨਾਂ ਬਾਬਤ ਦੱਸਣ ਲਈ ਆਪਣੇਂ ਸ਼ਬਦਾਂ ਦਾ ਪ੍ਰਯੋਗ ਕਰਨ ਯੋਗ ਕਰ ਸਕਦਾ/(ਦੀ) ਹੋਏ।** "ਕੀ ਤੂੰ ਮੈਨੂੰ ਦੱਸ ਸਕਦਾ/(ਦੀ) ਹੈਂ ਕਿ ਕੀ ਹੋਇਆ ਸੀ?" "ਅਗਾਂਹ ਕੀ ਹੋਇਆ ਸੀ?"

ਆਪਣੇਂ ਬੱਚੇ/ਬੱਚੀ ਨੂੰ ਓਨਾਂ ਕੁਝ ਹੀ ਦੱਸਣ ਦਿਓ ਜਿਨਾਂ ਕੁਝ ਉਹ ਦੱਸਣ ਲਦੀ ਤਿਆਰ ਹੈ।

**6. ਸੁਝਾਊ-ਪ੍ਰਸ਼ਨ, ਡਰਾਉਣੇਂ ਸ਼ਬਦ ਪੁੱਛਣ ਤੋਂ ਪਰਹੇਜ਼ ਕਰੋ ਅਤੇ ਵੇਰਵੇਆਂ ਲਈ ਬਹੁਤ ਵਧੇਰੀ ਧੱਕਾ-ਸ਼ਾਹੀ ਨਾਂ ਕਰੋ।**
ਉਦਾਹਰਣ ਲਈ, ਅਜਿਹੀਆਂ ਗੱਲਾਂ ਨਾਂ ਪੁੱਛੋ, "ਕੀ ਉਸਨੇਂ ਤੈਨੂੰ ਉਸ ਥਾਂ ਤੇ ਛੋਹਿਆ ਸੀ?" ਜਾਂ "ਕੀ ਤੈਨੂੰ ਪੱਕਾ ਪਤਾ ਹੈ ਕਿ ਉਹ ਅੰਕਲ ਹੀ ਸੀ?"
ਡਰਾਉਣ ਵਾਲੇ ਸ਼ਬਦਾਂ ਤੋਂ ਪਰਹੇਜ਼ ਕਰੋ (ਜਿਵੇਂ ਕਿ ਬਲਾਤਕਾਰ, ਅਨੁਚਿਤ ਭੋਗ (ਇਨਸੈਸਟ), ਛੇੜਖਾਨੀਂ, ਬੱਚਾ ਲਿੰਗਕ ਦੁਰ-ਵਰਤੋਂ ਜਾਂ ਕੈਦ ਆਦਿ)।

ਇਹ ਪੁੱਛਣ ਤੋਂ ਪਰਹੇਜ਼ ਕਰੋ ਕਿ ਇਹ-ਕੁਝ "ਕਿਉਂ" ਹੋਇਆ ਹੋਏਗਾ। ਵੇਰਵੇਆਂ ਲਈ ਵਧੇਰੀ ਧੱਕਾ-ਸ਼ਾਹੀ ਕਰਨੀਂ, ਜਾਂ ਆਪਣੇਂ ਬੱਚੇ ਨੂੰ ਇਹ ਪੁੱਛਣਾਂ ਕਿ ਉਸਨੇਂ ਪਹਿਲਾਂ ਕੁਝ ਕਿਉਂ ਨਹੀਂ ਸੀ ਕਿਹਾ, ਉਸਨੂੰ ਸਹਾਇਤਾ-ਬਲ ਮਿਲਣ ਦੀ ਥਾਂ ਤੇ ਉਹ ਆਪਣੇ ਆਪ ਨੂੰ ਇਕ ਦੋਸ਼ੀ ਮਹਿਸੂਸ ਕਰ ਸਕਦਾ/(ਦੀ) ਹੈ।

**7. ਆਪਣੇ ਬੱਚੇ ਨੂੰ ਦੱਸੋ ਕਿ ਅਗਾਂਹ ਕੀ ਕੁਝ ਹੋਏਗਾ**
ਅਜਿਹੇ ਵਾਅਦੇ ਨਾਂ ਕਰੋ ਜਿਨਾਂ ਨੂੰ ਤੁਸੀ ਸ਼ਾਇਦ ਪੂਰੇਆਂ ਨਾਂ ਕਰ ਸਕੋ। ਉਦਾਹਰਣ ਲਈ, ਜੋ ਬੱਚਾ ਕਿਸੇ ਗੱਲ ਨੂੰ "ਗੁਪਤ" ਰੱਖਣ ਲਈ ਕਹੇ ਤਾਂ ਇਸ ਨਾਲ ਰਾਜ਼ੀ ਨਾਂ ਹੋਵੋ। ਬੱਚੇ ਨੂੰ ਇਹ ਸਮਝਾਉਣਾਂ ਜ਼ਰੂਰੀ ਹੈ ਕਿ ਸਹਾਇਤਾ ਲੈਣ ਲਈ, ਜਾਂ ਲੋਕਾਂ ਨੂੰ ਦੁੱਖ/ਸੱਟ ਲੱਗਣ ਤੋਂ ਬਚਾਉਣ ਲਈ ਗੁਪਤ ਗੱਲਾਂ ਦੀ ਵੰਡ-ਵਰਤੋਂ ਕਰਨੀਂ ਜ਼ਰੂਰੀ ਹੁੰਦੀ ਹੈ। ਬੱਚੇ ਨੂੰ ਦੱਸੋ ਕਿ ਇਸ ਜਾਣਕਾਰੀ ਦੀ ਵੰਡ-ਵਰਤੋਂ ਉਨ੍ਹਾਂ ਲੋਕਾਂ ਨਾਲ ਕੀਤੀ ਜਾਂਦੀ ਹੈ "ਜਿਨਾਂ ਦਾ ਕੰਮ ਬੱਚਿਆਂ ਦੀ ਸਹਾਇਤਾ ਕਰਨਾਂ ਹੈ।"

**8. ਪ੍ਰਸ਼ਨਾਂ ਦੇ ਉੱਤਰ ਸਾਦੇਪਣ ਅਤੇ ਖ਼ਰੇਪਣ ਨਾਲ ਦਿਓ**
ਜੇ ਤੁਸੀ ਆਪਣੇਂ ਬੱਚੇ ਦੇ ਪ੍ਰਸ਼ਨਾਂ ਦੇ ਉੱਤਰ ਨਹੀਂ ਜਾਣਦੇ ਤਾਂ ਇਹ ਕਹਿਣ ਤੋਂ ਨਾਂ ਡਰੋ ਕਿ "ਮੈਨੂੰ ਪੱਕਾ ਪਤਾ ਨਹੀਂ" ਜਾਂ "ਮੈਂ ਨਹੀਂ ਜਾਣਦਾ/(ਦੀ)"।

ਆਪਣੇਂ ਬੱਚੇ ਨੂੰ ਦੱਸੋ ਕਿ ਜੋ ਕੋਈ ਵੀ ਪ੍ਰਸ਼ਨ ਉਭਰਣਗੇ, ਤੁਸੀ ਉਨ੍ਹਾਂ ਦੇ ਉੱਤਰ ਲੈ ਆਉਣ ਦਾ ਯਤਨ ਕਰੋਗੇ।

ਮਨਘੜਤ ਉੱਤਰ ਨਾਂ ਬਣਾਓ। ਉਧਾਹਰਣ ਲਈ, ਜੇ ਪੁੱਛਿਆ ਜਾਏ, "ਕੀ ਡੈਡੀ ਨੂੰ ਕੈਦ ਵਿਚ ਜਾਣਾਂ ਪਏਗਾ?" ਤੁਹਾਨੂੰ ਇਹ ਕਹਿਣਾਂ ਪੈ ਸਕਦਾ ਹੈ ਕਿ, "ਮੈਨੂੰ ਪਤਾ ਨਹੀਂ ਹੈ। ਇਸਦਾ ਫ਼ੈਸਲਾ ਦੂਜੇ ਲੋਕੀ ਕਰਦੇ ਹਨ।"

ਤੁਹਾਡੇ ਬੱਚੇ ਨੂੰ ਸਭ ਕੁਝ ਜਾਨਣ ਦੀ ਲੋੜ ਜਾਂ ਚਾਹ ਨਹੀਂ ਹੈ। ਜਿਹੇ ਪ੍ਰਸ਼ਨ ਉਹ ਪੁੱਛਦਾ/(ਦੀ) ਹੈ, ਤੁਹਾਨੂੰ ਇਹ ਜਾਣਕਾਰੀ ਮਿਲੇਗੀ ਕਿ ਕਿਨੀਂ ਕੁ ਵੰਡ-ਵਰਤੋਂ ਕਰਨੀਂ ਹੈ।

(ਇਸ ਤੋਂ ਅਪਣਾਇਆ ਗਿਆ: ਰਾਇਮੇਰ, ਪੀ ਐਂਡ ਪ੍ਰੈਗਰ ਬੀ (1998)। "ਰੀਚਿੰਗ ਆਉਟ: ਦੁਰ-ਵਰਤੋਂ ਦੇ ਸ਼ਿਕਾਰ ਬੱਚੇ ਦੀ ਸ਼ਨਾਖ਼ਤ ਕਰਨੀਂ ਅਤੇ ਜਵਾਬੀ-ਕਾਰਵਾਈਆਂ ਲਈ ਮੇਲ-ਜੋਲ ਨਾਲ ਕੰਮ-ਕਾਜ ਕਰ ਰਹੇ।" ਟੋਰਾਂਟੋ ਆਈ ਟੀ ਪੀ ਨੈਲਸਨ।)

ਜੇ ਤੁਹਾਨੂੰ ਇਹ ਸ਼ੱਕ ਹੈ ਕਿ ਸ਼ਾਇਦ ਇਕ ਬੱਚੇ ਦੇ ਨਾਲ ਦੁਰ-ਵਰਤੋਂ ਹੋਈ ਹੈ, ਜਾਂ ਉਹ ਇਕ ਦੁਰ-ਵਰਤੋਂ ਦਾ ਸ਼ਿਕਾਰ ਬਣਨ ਦੇ ਜੋਖਮ ਵਿਚ ਹੈ ਤਾਂ ਇਸ ਸ਼ੱਕ ਨੂੰ ਸਾਬਤ ਕਰਨਾਂ ਤੁਹਾਡੇ ਤਕ ਹੀ ਨਹੀਂ ਹੈ। ਤੁਹਾਡੇ ਕੋਲੋਂ ਇਹ ਲੋੜੀਂਦਾ ਹੈ ਕਿ ਤੁਸੀ ਇਸਦੀ ਰਿਪੋਰਟ ਇਕ ਚਿਲਡਰੰਸ ਏਡ ਸੋਸਾਇਟੀ ਨੂੰ ਕਰੋ।

ਤੁਹਾਡੇ ਬੱਚੇ ਦਾ ਪਹਿਲੀ ਵਾਰੀ ਤੁਹਾਨੂੰ
ਦੁਰ-ਵਰਤੋਂ ਦੀ ਬਾਬਤ ਦੱਸਣ ਵੇਲੇ ਜੋ
ਕੁਝ ਵੀ ਤੁਸੀ ਕਿਹਾ ਸੀ ਜਾਂ ਕਹਿਣਾਂ
ਭੁੱਲ ਗਏ ਸੀ, ਓਸਦੇ ਮੁੜ-ਦਰਸ਼ਨ
ਕਰਨ ਤੋਂ ਨਾਂ ਡਰੋ।



ਤੁਸੀ ਇਹ ਕੁਝ ਅਨੁਭਵ ਕਰ ਸਕਦੇ ਹੋ:

- ਆਰੰਭ ਵਿਚ ਇਨਕਾਰ ਜਾਂ ਵਿਸ਼ਵਾਸ ਕਰਨ ਵਿਚ ਸਮੱਸਿਆ
- ਗੁੱਸਾ
- ਦੋਸ਼ੀ
- ਉਦਾਸੀ
- ਡਰ
- ਭੰਬਲ-ਭੂਸਾ

## ਤੁਹਾਡੇ ਬੱਚੇ ਦੇ ਨਾਲ ਇਕ ਲਿੰਗਕ ਦੁਰ-ਵਰਤੋਂ ਦੀ ਬਾਬਤ ਜਾਨਣ ਤੇ ਤੁਸੀ ਕਿਵੇਂ ਦੀਆਂ ਪ੍ਰਤਿਕ੍ਰਿਆਵਾਂ ਕਰ ਸਕਦੇ ਹੋ।

ਇਹ ਜਾਣਕਾਰੀ ਪਾਉਣੀਂ ਕਿ ਤੁਹਾਡੇ ਬੱਚੇ/ਬੱਚੀ ਦੇ ਨਾਲ ਲਿੰਗਕ ਦੁਰ-ਵਰਤੋਂ ਕੀਤੀ ਗਈ ਹੈ, ਬੜੀ ਹੀ ਦੁੱਖ-ਦਾਈ ਹੋ ਸਕਦੀ ਹੈ। ਇਹ ਪਤਾ ਲੱਗਣਾਂ ਕਿ ਤੁਹਾਡੇ ਬੱਚੇ/ਬੱਚੀ ਦੇ ਨਾਲ ਦੁਰ-ਵਰਤੋਂ ਕਿਸਨੇਂ ਕੀਤੀ ਹੈ, ਇਹ ਹਾਵੀ ਹੋ ਸਕਦੀ ਹੈ।

ਜਦੋਂ ਦੋਸ਼ੀ ਉਲੰਘਣਾਕਾਰੀ ਇਕ ਅਜਿਹਾ/(ਹੀ) ਵਿਅਕਤੀ ਹੈ ਜਿਸਨੂੰ ਤੁਸੀ ਪਿਆਰ, ਆਦਰ ਅਤੇ ਵਿਸ਼ਵਾਸ ਕਰਦੇ ਹੋ ਤਾਂ ਇਸ ਬਾਬਤ ਵਿਰੋਧਤਾ ਮਹਿਸੂਸ ਕਰਨਾਂ ਕੋਈ ਅਸਧਾਰਣ ਗੱਲ ਨਹੀਂ ਹੈ। ਤੁਸੀ ਆਪਣੇਂ ਆਪ ਨੂੰ ਇਕ ਭਾਵਨਾਤਮਕ ਘੁਮਣ ਘੇਰੀਆਂ ਵਾਲੇ ਝੂਟੇ ਉਤੇ ਸਵਾਰ ਮਹਿਸੂਸ ਕਰ ਸਕਦੇ ਹੋ।

ਇਕ ਲਿੰਗਕ ਦੁਰ-ਵਰਤੋਂ ਦਾ ਦੋਸ਼ ਜਾਂ ਸ਼ੱਕ ਇਕ ਅਜਿਹੇ ਮਾਂ/ਪਿਉ/ਦੇਖ-ਭਾਲ ਕਰਨ ਵਾਲੇ/ਵਾਲੀ ਉਤੇ ਵਧੇਰਾ ਪ੍ਰਭਾਓ ਪਾ ਸਕਦੀ ਹੈ, ਜਿਸਦੀ ਇਕ ਬੱਚਾ/ਬੱਚੀ ਹੁੰਦੇਆਂ ਲਿੰਗਕ ਦੁਰ-ਵਰਤੋਂ ਕੀਤੀ ਗਈ ਸੀ ਅਤੇ ਵਿਸ਼ੇਸ਼ਤਾ ਨਾਲ, ਜੇ ਇਸਦਾ ਭੇਦ ਕਦੀ ਨਹੀਂ ਖੁੱਲਿਆ ਸੀ। ਤੁਹਾਡੇ ਕੋਲ ਹਾਲੇ ਵੀ ਅਣਨਜਿੱਠੇ ਮਾਮਲੇ ਹੋ ਸਕਦੇ ਹਨ ਅਤੇ ਪੁਰਾਣੀਆਂ ਭਾਵਨਾਵਾਂ ਨੂੰ "ਮੁੜ-ਮਹਿਸੂਸ" ਕਰ ਸਕਦੇ ਹੋ। ਇਹ ਤੁਹਾਡੇ ਬੱਚੇ ਅਤੇ ਟੱਬਰ ਦੇ ਦੂਜੇ ਮੈਂਬਰਾਂ ਦੀ ਸਹਾਇਤਾ ਕਰਨ ਵਿਚ ਤੁਹਾਡੀ ਯੋਗਤਾ ਉਤੇ ਪ੍ਰਭਾਵ ਪਾ ਸਕਦੇ ਹਨ। ਆਪਣੇਂ ਆਪ ਲਈ ਇਕ ਕੌਂਸਲਿੰਗ ਕਰਨ ਲਈ ਸੋਚ-ਵਿਚਾਰ ਦਾ ਇਹ ਸ਼ਾਇਦ ਇਕ ਚੰਗਾ ਸਮਾਂ ਹੋਏਗਾ। (ਵੇਖੋ ਅਧਿਆਇ 7, ਸਹਾਇਤਾ-ਬਲ ਅਤੇ ਇਲਾਜ ਸੇਵਾਵਾਂ)।

## ਤੁਹਾਡੇ ਬੱਚੇ ਅਤੇ ਟੱਬਰ ਦੇ ਸਿੱਝਣ ਵਿਚ ਸਹਾਇਤਾ ਲਈ ਸਲਾਹਵਾਂ

ਹੇਠਾਂ ਲਿਖਿਆਂ ਸਲਾਹਵਾਂ ਤੁਹਾਡੇ ਬੱਚੇ ਅਤੇ ਟੱਬਰ ਦੇ ਲਈ ਭੇਦ ਖੁੱਲ ਜਾਣ ਅਤੇ ਬਾਅਦ ਦੀ ਛਾਣ-ਬੀਣ ਦੇ ਨਾਲ ਸਿੱਝਣ ਵਿਚ ਸਹਾਇਤਾ ਕਰ ਸਕਦੀਆਂ ਹਨ।

**1. ਟੱਬਰ ਵਿਚ ਗੜਬੜ ਨੂੰ ਘੱਟ ਤੋਂ ਘੱਟ ਕਰੋ**

ਇਹ ਤੁਹਾਡੇ ਅਤੇ ਤੁਹਾਡੇ ਟੱਬਰ ਲਈ ਇਕ ਔਖਾ ਵੇਲਾ ਹੋ ਸਕਦਾ ਹੈ। ਆਪਣੇ ਬੱਚੇ ਨਾਲ ਬਹੁਤ ਸਾਰੇ ਲਲਕਾਰੀ ਤਜਰਬੇਆਂ ਅਤੇ ਅਣਲੋੜੀਂਦੇ ਅੱਡ-ਪੁਣੇਆਂ ਤੋਂ ਪਰਹੇਜ਼ ਕਰਦੇਆਂ ਹੋਇਆਂ, ਨਿੱਤ-ਨੇਮਾਂ ਅਤੇ ਹੱਦਾਂ ਨੂੰ ਬਣਾਈ ਰੱਖਣ ਦੇ ਯਤਨ ਕਰੋ।

**2. ਆਪਣੇ ਘਰ ਵਿਚ ਦੂਜੇ ਬੱਚਿਆਂ ਨੂੰ ਵਾਪਰੀ ਘਟਨਾਂ ਦੀ ਸੁੱਝ-ਸਮਝ ਕਰਨ ਵਿਚ ਸਹਾਇਤਾ ਕਰੋ।**

ਤੁਹਾਡੇ ਦੂਜੇ ਬੱਚੇ ਵਾਪਰ ਰਹੀਆਂ ਘਟਨਾਵਾਂ ਬਾਬਤ ਉਲਝ ਅਤੇ ਡਰ ਸਕਦੇ ਹਨ, ਜਾਂ ਆਪਣੇ/(ਣੀ) ਭਾਈ/ਭੇਣ ਦੀ ਸਹਾਇਤਾ ਨਾਂ ਕਰ ਪਾਉਣ ਕਰਕੇ ਆਪਣੇ ਆਪ ਵਿਚ ਦੋਸ਼ੀ ਮਹਿਸੂਸ ਕਰ ਸਕਦੇ ਹਨ। ਉਨ੍ਹਾਂ ਨੂੰ ਸੁਰੱਖਿਆ ਨਾਲ ਆਪਣੀਆਂ ਸੋਚਾਂ ਅਤੇ ਭਾਵਨਾਵਾਂ ਪ੍ਰਗਟ ਕਰਨ ਦਿਓ। ਉਨ੍ਹਾਂ ਕੋਲ ਵੀ ਅਜਿਹੇ ਤਜਰਬੇ ਹੋ ਸਕਦੇ ਹਨ ਜਿਨਾਂ ਬਾਬਤ ਉਨ੍ਹਾਂ ਨੂੰ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੋਏ।

**3. ਇਹ ਪ੍ਰਵਾਨ ਕਰੋ ਕਿ ਤੁਹਾਡਾ/(ਡੀ) ਬੱਚਾ/ਬੱਚੀ ਪਿਛਾਂਹ ਵਲ ਪਰਤ ਸਕਦਾ/(ਦੀ) ਹੈ।**

ਤੁਹਾਡਾ/(ਡੀ) ਬੱਚਾ/ਬੱਚੀ ਅਜਿਹੀਆਂ ਭਾਵਨਾਵਾਂ, ਡਰ ਅਤੇ ਵਤੀਰੇ ਜਾਂ "ਬਾਲ-ਪਣ" ਕਰ ਸਕਦਾ/(ਦੀ) ਹੈ ਜੋ ਕਾਬੂ ਤੋਂ ਬਾਹਰ ਪ੍ਰਤੀਤ ਹੋ ਸਕਦੇ ਹਨ। ਆਪਣੇ ਬੱਚੇ/ਬੱਚੀ ਨੂੰ ਮੁੜ-ਵਿਸ਼ਵਾਸ ਦਵਾਓ ਕਿ ਇਸ ਪ੍ਰਕਾਰ ਦੇ ਤਜਰਬੇਆਂ ਦੇ ਬਾਅਦ ਅਜਿਹਾ ਹੋਣ ਦੀ ਆਸ ਹੁੰਦੀ ਹੀ ਹੈ। ਉਸਨੂੰ ਇਹ ਦੱਸੋ ਕਿ ਸਮੇਂ ਅਤੇ ਸਹਾਇਤਾ ਦੇ ਨਾਲ ਨਾਲ ਉਹ ਪਹਿਲਾਂ ਵਾਂਗ ਮਹਿਸੂਸ ਕਰਨ ਲੱਗ ਪਏਗਾ/(ਗੀ)। ਵਰਤਮਾਨ ਸਮੇਂ ਵਿਚ, ਤੁਹਾਨੂੰ ਆਪਣੇ ਬੱਚੇ ਦੀ ਨਿਗਰਾਨੀਂ ਵਧੇਰੇ ਨੇੜੇ ਹੋ ਕੇ, ਲੜਾਕੇਪਣ ਅਤੇ ਚਿੰਤਾਜਨਕ ਵਤੀਰੇ ਉਤੇ ਸਪੱਸ਼ਟ ਹੱਦਬੰਦੀਆਂ ਰੱਖਦੇਆਂ ਹੋਇਆਂ ਕਰਨ ਦੀ ਲੋੜ ਹੋ ਸਕਦੀ ਹੈ।

**4. ਬਿਸਤਰੇ ਦੇ ਸਮੇਂ ਆਪਣੇ ਬੱਚੇ ਨੂੰ ਸੁਰੱਖਿਅਤ ਮਹਿਸੂਸ ਕਰਨ ਵਿਚ ਸਹਾਇਤਾ ਕਰੋ।**

ਕਈ ਬੱਚਿਆਂ ਨੂੰ ਰਾਤ ਦੇ ਵੇਲੇ ਦੀ ਹਮਦਰਦੀ ਅਤੇ ਬਿਸਤਰੇ ਦੇ ਵੇਲੇ ਦੇ ਡਰਾਂ ਨਾਲ ਸਿੱਝਣ ਦੇ ਤਰੀਕੇਆਂ ਦੀ ਲੋੜ ਹੁੰਦੀ ਹੈ। ਤੁਹਾਡਾ/(ਡੀ) ਬੱਚਾ/ਬੱਚੀ ਤੁਹਾਨੂੰ ਦੱਸ ਸਕਦਾ/(ਦੀ) ਹੈ ਕਿ ਕੀ ਲੋੜੀਂਦਾ ਹੈ (ਜਿਵੇਂ ਕਿ ਰਾਤ ਦੀ ਬੱਤੀ, ਬੈਡ-ਰੂਮ ਦਾ ਬੂਹਾ ਖੁੱਲਾ ਰੱਖਣਾਂ )। ਵਾਪਰੀ ਹੋਈ ਘਟਨਾਂ ਬਾਬਤ ਰਾਤ ਵੇਲੇ ਯਾਦ ਦਿਲਾਓਣ ਦੇ ਸੰਜੋਗ ਉਤੇ ਹੱਦਬੰਦੀ ਰੱਖਣ ਦਾ ਯਤਨ ਕਰੋ। ਉਦਾਹਰਣ ਲਈ, ਜੇਕਰ ਦੁਰ-ਵਰਤੋਂ ਤੁਹਾਡੇ ਬੱਚੇ/ਬੱਚੀ ਦੇ ਬੈਡ-ਰੂਮ ਵਿਚ ਵਾਪਰੀ ਸੀ, ਸਾਜ਼-ਸਮਾਨ ਦੀ ਤਰਤੀਬ ਨੂੰ ਬਦਲੋ ਜਾਂ ਕਮਰੇ ਬਦਲੋ। ਵਾਧੂ ਵਿਚਾਰਾਂ ਲਈ ਤੁਸੀ ਕੋਂਸਲਰ ਕੋਲੋਂ ਪੁੱਛ ਸਕਦੇ ਹੋ।

**5. ਜਿਸ ਉਤੇ ਤੁਸੀ ਵਿਸ਼ਵਾਸ ਕਰਦੇ ਹੋ, ਉਸ ਕੋਲੋਂ ਸਹਾਇਤਾ ਲਓ**

ਇਕ ਮਾਂ/ਪਿਉ ਹੁੰਦੇ ਹੋਇਆਂ ਇਸ ਵੇਲੇ ਤੁਸੀ ਸ਼ਾਇਦ ਆਪਣੇਂ ਆਪ ਤੇ, ਲੋਕਾਂ ਬਾਬਤ ਨਿਰਣੇਂ ਕਰਨ ਦੀ ਯੋਗਤਾ ਅਤੇ ਇਹ ਸੁਰੱਖਿਅਤ ਸੰਸਾਰ ਦੀ ਬਾਬਤ ਪ੍ਰਸ਼ਨ ਕਰ ਰਹੇ ਹੋ। ਤੁਸੀ ਗੁੱਸੇ ਵਿਚ ਹੋ ਸਕਦੇ ਹੋ। ਅਜਿਹੇ ਵੇਲੇ ਵੀ ਆ ਸਕਦੇ ਹਨ ਜਦੋਂ ਤੁਸੀ ਦੂਰ ਭੱਜ ਜਾਣਾਂ, ਜਾਂ ਤੁਹਾਡੇ ਬੱਚੇ/ਬੱਚੀ ਦੀ ਦੁਰ-ਵਰਤੋਂ ਕਰਨ ਵਾਲੇ/ਵਾਲੀ ਨੂੰ ਨੁਕਸਾਨ ਪਹੁੰਚਾਉਣਾਂ ਚਾਹੋਗੇ। ਅਜਿਹੀਆਂ ਸਭ ਭਾਵਨਾਵਾਂ ਦੀ ਆਸ ਹੁੰਦੀ ਹੀ ਹੈ। ਆਪਣੇ ਆਪ ਨੂੰ ਦੋਸ਼ੀ ਠਹਿਰਾਉਣ ਨਾਲ ਤੁਸੀ ਆਪਣੇ ਬੱਚੇ/ਬੱਚੀ ਦੀ ਸਹਾਇਤਾ-ਬਲ ਅਤੇ ਸਾਂਭ-ਸੰਭਾਲ ਦੀ ਯੋਗਤਾ ਵਿਚ ਵਿਘਨ ਪਾ ਸਕਦੇ ਹੋ। ਇਹ ਜ਼ਰੂਰੀ ਹੈ ਕਿ ਤੁਸੀ ਨਾਂ ਕੇਵਲ ਆਪਣੇ ਬੱਚੇ/ਬੱਚੀ ਲਈ, ਬਲਕਿ ਆਪਣੇ ਆਪ ਲਈ ਇਕ ਅਜਿਹੇ/(ਹੀ) ਕੋਲੋਂ ਸਹਾਇਤਾ ਲਓ ਜਿਸ ਉਤੇ ਤੁਸੀ ਵਿਸ਼ਵਾਸ ਕਰਦੇ ਹੋ।

**6. ਇਕ ਪੇਸ਼ਾਵਰ ਨਾਲ ਗੱਲ-ਬਾਤ ਕਰੋ**

ਤੁਸੀ ਆਪਣੇ ਬੱਚੇ/ਬੱਚੀ ਦੇ ਨਾਲ ਮਿਲਦੀਆਂ-ਜੁਲਦੀਆਂ ਪ੍ਰਤਿਕ੍ਰਿਆਵਾਂ ਦਾ ਅਨੁਭਵ ਕਰ ਸਕਦੇ ਹੋ। ਤੁਸੀ ਆਪਣੇ ਆਪ ਨੂੰ ਦੁਰ-ਵਰਤੋਂ ਦੀ ਬਾਬਤ ਸੋਚਦੇਆਂ ਪਾ ਸਕਦੇ ਹੋ ਅਤੇ ਹੈਰਾਨ ਹੋ ਸਕਦੇ ਹੋ ਕਿ ਦੁਰ-ਵਰਤੋਂ ਕਿਉਂ ਵਾਪਰੀ। ਸਹੀ ਕਮਿਉਨਿਟੀ ਸਾਧਨਾਂ ਤੱਕ ਪਹੁੰਚਣ ਤੇ ਤੁਹਾਨੂੰ ਭਾਵਨਾਤਮਕ, ਕਾਨੂੰਨੀ ਅਤੇ ਸੁਰੱਖਿਆ ਦੇ ਮਾਮਲੇਆਂ ਬਾਬਤ ਸਹਾਇਤਾ

ਮਿਲ ਸਕਦੀ ਹੈ। ਤੁਸੀ ਸ਼ਾਇਦ ਦੁਰ-ਵਰਤੋਂ ਦੇ ਦਾਅਵੇ ਦੀ ਬਾਬਤ ਬੱਚੇ/ਬੱਚੀ ਦੇ/ਦੀ ਡਾਕਟਰ ਨੂੰ ਦੱਸਣਾਂ ਚਾਹੋਗੇ। ਜੇ ਤੁਹਾਡਾ/(ਡੀ) ਬੱਚਾ/ਬੱਚੀ ਆਪਣੇਂ/(ਣੀਂ) ਸਿਹਤ, ਵਿਕਾਸ, ਅਤੇ/ਜਾਂ ਲਿੰਗੀ-ਖਿੱਚ ਦੀ ਬਾਬਤ ਚਿੰਤਤ ਹੈ ਤਾਂ ਤੁਹਾਡੇ ਬੱਚੇ/ਬੱਚੀ ਨੂੰ ਮੁੜ-ਭਰੋਸਾ ਦੇਣ ਦੀ ਲੋੜ ਹੈ।

**7. ਆਪਣੀਆਂ ਭਾਵਨਾਵਾਂ ਦੇ ਪ੍ਰਗਟਾਓ ਦੇ ਤਰੀਕੇ ਦੀ ਬਾਬਤ ਸੋਚ-ਵਿਚਾਰ ਕਰੋ।**
ਆਪਣੇ ਬੱਚੇ/ਬੱਚੀ ਦੇ ਨਾਲ ਗੱਲ-ਬਾਤ ਕਰਨ ਦੇ ਵੇਲੇ ਵਿਸ਼੍ਰਾਂਤ ਰਹੋ। ਇਹ ਯਾਦ ਰੱਖੋ ਕਿ ਵਾਪਰੀ ਘਟਨਾਂ ਨੂੰ ਘਟਾ ਦੇਣ ਜਾਂ ਵਧਾ-ਚੜ੍ਹਾ ਦੇਣ ਨਾਲ, ਜਾਂ ਤੀਬਰ ਭਾਵਨਾਵਾਂ ਪ੍ਰਗਟ ਕਰਨ ਨਾਲ (ਜਿਵੇਂ ਕਿ, ਦੋਸ਼ੀ ਉਲੰਘਣਾਕਾਰ ਨੂੰ ਧਮਕਾਉਣਾਂ) ਇਕ ਬੱਚੇ/ਬੱਚੀ ਲਈ ਇਕ ਕੁਚਲੇਆ/ਕੁਚਲੀ ਹੋਇਆ/(ਈ) ਜਾਂ ਭੈ-ਭੀਤ ਹੋਣ ਦਾ ਕਾਰਣ ਬਣ ਸਕਦਾ ਹੈ। ਤੁਸੀ ਦੁਖਦਾਈ ਹੋ ਸਕਦੇ ਹੋ, ਪਰ ਇਹ ਨਿਸ਼ਚਿਤ ਕਰੋ ਕਿ ਬੱਚੇ/ਬੱਚੀ ਦੇ ਨਾਲ ਨਹੀਂ ਹੋ।

**8. ਆਪਣੇਂ ਬੱਚੇ/ਬੱਚੀ ਨੂੰ ਇਹ ਦੱਸੋ ਕਿ ਉਸਨੂੰ ਤੁਹਾਡੀ ਚਿੰਤਾ ਕਰਨ ਦੀ ਲੋੜ ਨਹੀਂ ਹੈ।**
ਬੱਚੇ ਅਤੇ ਨੌਂ-ਜੁਆਨ ਸ਼ਾਇਦ ਇਹ ਨਾਂ ਸਮਝ ਸਕਣ ਕਿ ਇਕ ਲਿੰਗਕ ਦੁਰ-ਵਰਤੋਂ ਦੀ ਬਾਬਤ ਦੱਸ ਦੇਣ ਦੇ ਬਾਅਦ ਕੀ ਕੁਝ ਹੁੰਦਾ ਹੈ। ਉਹ ਇਸ ਬਾਬਤ ਬਾਲਗ੍ਹਾਂ ਦੀ ਪ੍ਰਤਿਕ੍ਰਿਆ ਉਤੇ ਹੈਰਾਨ ਜਾਂ ਉਲਝ ਵੀ ਸਕਦੇ ਹਨ। ਜੇ ਤੁਹਾਡਾ/(ਡੀ) ਬੱਚਾ/ਬੱਚੀ ਇਹ ਮਹਿਸੂਸ ਕਰੇ ਕਿ ਤੁਸੀ ਇਸ ਨਾਲ ਨਜਿੱਠ ਨਹੀਂ ਸਕਦੇ, ਤਾਂ ਉਹ ਤੁਹਾਡੀ ਦੇਖ-ਭਾਲ ਕਰਨ ਦੀ ਲੋੜ ਮਹਿਸੂਸ ਕਰ ਸਕਦਾ/(ਦੀ) ਹੈ, ਜਿਸ ਕਰਕੇ ਤੁਹਾਡੇ ਕੋਲੋਂ ਉਸ ਲਈ ਲੋੜੀਂਦੀ ਸਹਾਇਤਾ-ਬਲ ਪ੍ਰਾਪਤ ਕਰਨੀਂ ਹੋਰ ਵੀ ਔਖੀ ਕਰ ਸਕਦੀ ਹੈ। ਆਪਣੇਂ ਬੱਚੇ ਨੂੰ ਦੱਸੋ ਕਿ ਤੁਹਾਡੇ ਕੋਲ ਅਜਿਹੇ ਲੋਕੀ ਹੈ ਹਨ ਜਿਨ੍ਹਾਂ ਨਾਲ ਤੁਸੀ ਗੱਲ-ਬਾਤ ਕਰ ਸਕਦੇ ਹੋ। ਤੁਹਾਡਾ ਕੰਮ ਉਸਦੀ ਦੇਖ-ਭਾਲ ਕਰਨਾਂ ਹੈ।



**9. ਤਬਦੀਲੀਆਂ ਨੂੰ ਲਿਖਦੇ ਰਹਿਣ ਲਈ ਇਕ (*ਜੋਰਨਲ*) ਵਹੀ-ਖਾਤਾ ਕੋਲ ਰੱਖੋ**
ਇਕ *ਜੋਰਨਲ* ਤੁਹਾਡੇ ਬੱਚੇ/ਬੱਚੀ ਦੇ ਵਤੀਰੇ ਵਿਚ ਅਈਆਂ ਤਬਦੀਲੀਆਂ ਦਾ ਨੋਟਸ ਕਰਨ ਲਈ ਸਹਾਇਕ ਹੋ ਸਕਦੀਆਂ ਹਨ। ਇਹ ਤੁਹਾਨੰ ਇਕ ਤਾੜਨਾਂ ਕਰਨ ਵਿਚ ਵੀ ਸਹਾਇਤਾ ਕਰੇਗਾ ਕਿ ਉਹ ਘਰ ਵਿਚ, ਸਕੂਲ ਵਿਚ ਅਤੇ ਮਿੱਤਰਾਂ/ਸਹੇਲੀਆਂ ਨਾਲ ਕਿਵੇਂ ਨਿਭਾ ਰਿਹਾ/ਰਹੀ ਹੈ।

ਜੋ ਕੁਝ ਤੁਹਾਡਾ/(ਡੀ) ਬੱਚਾ/ਬੱਚੀ ਦੁਰ-ਵਰਤੇਂ ਦੀ ਬਾਬਤ ਕਹਿੰਦਾ/(ਦੀ) ਹੈ, ਉਹ ਕੁਝ ਲਿਖਣ ਨਾਲ, ਅਤੇ ਨਵੇਂ ਜਾਂ ਬਦਲਦੇ ਹੋਏ ਵਤੀਰੇਆਂ ਉਤੇ ਅਧਿਐਨ ਕਰਨ ਨਾਲ ਵਾਪਰੀ ਹੋਈ ਘਟਨਾਂ ਦੀ ਬਾਬਤ ਛਾਣ-ਬੀਣ ਕਰਨ ਵਾਲੇਆਂ ਦੀ ਸਹਾਇਤਾ ਹੋ ਸਕਦੀ ਹੈ। ਇਸਦੇ ਵਾਧੇ ਵਿਚ, ਇਕ ਜੋਰਨਲ ਥੇਰਾਪਿਉਟਿਕ ਕਾਰਜ-ਪ੍ਰਣਾਲੀ ਲਈ ਇਕ ਮੁੱਲਵਾਨ ਔਜ਼ਾਰ ਹੋ ਸਕਦਾ ਹੈ।

ਇਕ ਜੋਰਨਲ ਤੁਹਾਡੇ ਲਈ ਇਕ ਓਹਲੇ ਸਥਾਨ ਤੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਵਿਚ ਵੀ ਸਹਾਇਕ ਹੋ ਸਕਦਾ ਹੈ।

**10. ਮਨ-ਬਹਿਲਾਵਾ ਵੀ ਕਰਨਾਂ ਯਾਦ ਰੱਖੋ।**
ਇਕ ਟੱਬਰ ਹੁੰਦੇਆਂ ਘੁਮਣ-ਫਿਰਨ ਅਤੇ ਤੁਹਾਡੇ ਬੱਚੇ/ਬੱਚੀ ਦੇ ਆਨੰਦ ਮਾਨਣ ਵਾਲੇ ਹਾਸੇ-ਮਖੋਲ ਵਾਲੀਆਂ ਚਹਲ-ਪਹਿਲਾਂ ਕਰਨ ਨਾਲ ਸਭਨਾਂ ਦੇ ਦਬਾਓ ਨੂੰ ਘਟਾਉਣ ਵਿਚ ਸਹਾਇਤਾ ਮਿਲੇਗੀ।

ਜਦੋਂ ਕਿ ਇਹ ਜ਼ਰੂਰੀ ਹੈ ਕਿ ਤੁਸੀ ਆਪਣੇਂ ਬੱਚੇ/ਬੱਚੀ ਲਈ
ਸਹਾਇਤਾ-ਬਲ ਦਾ ਇਕ ਸਥਿਰ ਸਾਧਨ ਪ੍ਰਦਾਨ ਕਰੋ,
ਇਹ ਵੀ ਜ਼ਰੂਰੀ ਹੈ ਕਿ ਤੁਹਾਡੇ ਕੋਲ ਆਪਣੇਂ ਆਪ ਲਈ
ਵੀ ਵਿਕ ਸ਼ਕਤੀਸ਼ਾਲੀ ਸਹਾਇਤਾ-ਬਲ ਹੋਏ।

## ਜਦੋਂ ਇਕ ਬੱਚਾ/ਬੱਚੀ ਮੁੱਕਰ (ਰੀਕੈਂਟ) ਜਾਂਦਾ/ਜਾਂਦੀ ਹੈ

ਕਈ ਬੱਚੇ ਦੁਰ-ਵਰਤੋਂ ਦੇ ਮੁੱਢਲੇ ਦੋਸ਼ਾਂ ਦੀ ਬਾਬਤ, ਇਹ ਦਾਅਵੇ ਕਰਦੇਆਂ ਹੋਇਆਂ ਕਿ ਇਹ ਸੱਚ ਨਹੀਂ ਹੈ, ਮੁੱਕਰ ਜਾਂਦੇ (*ਰੀਕੈਂਟ*) ਜਾਂ "ਮੁੜ ਵਾਪਸ ਲੈ ਲੈਂਦੇ" ਹਨ। ਅਜਿਹਾ ਪਹਿਲੀ ਵਾਰੀ ਭੇਤ ਖੋਲਣ ਦੇ ਬਾਅਦ ਕਿਸੇ ਵੇਲੇ ਵੀ ਵਾਪਰ ਸਕਦਾ ਹੈ। ਜੇ ਇਕ ਵੱਚਾ/ਬੱਚੀ ਮੁੱਕਰਦਾ/(ਦੀ) ਹੈ ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਦੁਰ-ਵਰਤੋਂ ਵਾਪਰੀ ਹੀ ਨਹੀਂ ਸੀ। ਛਾਣ-ਬੀਣ ਆਪਣੇਂ ਆਪ ਹੀ ਨਹੀਂ ਰੁੱਕੇਗੀ।

ਇਕ ਬੱਚਾ/ਬੱਚੀ ਮੁੱਕਰਦਾ/(ਦੀ) ਕਿਉਂ ਹੈ, ਇਸਦੇ ਕੁਝ ਇਕ ਕਾਰਣ ਇਹ ਹਨ:

- ਟੱਬਰ ਜਾਂ ਮਿਤਰਾਂ/ਸਹੇਲੀਆਂ ਵਲੋਂ ਸਹਿਯੋਗ ਦੀ ਥੋੜ;

- ਟੱਬਰ ਦੇ ਮੈਂਬਰਾਂ, ਮਿੱਤਰਾਂ/ਸਹੇਲੀਆਂ ਅਤੇ/ਜਾਂ ਦੋਸ਼ ਲਾਏ ਹੋਏ ਉਲੰਘਣਾਂਕਾਰ ਵਲੋਂ ਧਮਕੀਆਂ ਜਾਂ ਦਬਾਓ;
- ਛਾਣ-ਬੀਣ ਦੇ ਕਾਰਣਾਂ ਕਰਕੇ ਬੇਚੈਨੀਂ, ਫੁੱਟ ਅਤੇ ਬਿਨਾਂ ਸਹਿਮਤੀ ਦਖਲ ਦੇਣ ਨਾਲ ਨਜਿੱਠਣ ਵਿਚ ਸਮੱਸਿਆ;

- ਟੱਬਰ ਵਿਚ ਦੁੱਖ ਲੈ ਆਉਣ ਲਈ ਆਪਣੇਂ ਆਪ ਨੂੰ ਜ਼ਿੰਮੇਵਾਰ ਮਹਿਸੂਸ ਕਰਨਾਂ, ਇਹ ਡਰ ਰਹਿਣੇਂ ਕਿ ਕਿਤੇ ਟੱਬਰ ਅੱਡੋ-ਅੱਡ ਨਾਂ ਹੋ ਜਾਏ;

- ਦੋਸ਼ ਲਾਏ ਹੋਏ ਉਲੰਘਣਾਂਕਾਰ ਦੇ ਵਿਰੁੱਧ ਲਾਏ ਹੋਏ ਕਾਨੂੰਨੀ ਦੋਸ਼ (*ਚਾਰਜਸ ਲੇਇਡ*) ਵੱਲੋਂ ਜਵਾਬੀ ਕਰਮ, ਜਿਨ੍ਹਾ ਵਿਚ ਦੋਸ਼ ਲਾਏ ਹੋਏ ਉਲੰਘਣਾਂਕਾਰ ਦਾ ਕੈਦ ਵਿਚ ਭੇਜੇ ਜਾਣ ਦਾ ਡਰ; ਅਤੇ

- ਕਚਹਿਰੀ ਵਿਚ ਜਾਣ ਦੀ ਬਾਬਤ ਅਤੇ/ਜਾਂ ਗਵਾਹੀ (*ਟੈਸਟੀਫਾਈ*) ਦੇਣ ਬਾਬਤ ਚਿੰਤਾਵਾਂ।

ਜੇ ਇਕ ਬੱਚਾ/ਬੱਚੀ ਮੁੱਕਰ ਜਾਂਦਾ/ਜਾਂਦੀ ਹੈ ਤਾਂ ਇਸਦਾ ਸਰਵਉੱਤਮ ਜਵਾਬੀ ਕਰਮ ਇਹ ਹੀ ਹੋਏਗਾ ਕਿ ਇਕ ਮਾਂ/ਪਿਉ/ਦੇਖ-ਭਾਲ ਪ੍ਰਦਾਨ ਕਰਤਾ ਬੱਚੇ/ਬੱਚੀ ਨੂੰ ਬੇ-ਸ਼ਰਤੀਆ ਪਿਆਰ ਅਤੇ ਸਹਿਯੋਗ ਪ੍ਰਦਾਨ ਕਰਦਾ/(ਦੀ) ਰਹੇ। ਇਹ ਤੁਹਾਡੇ ਬੱਚੇ/ਬੱਚੀ ਅਤੇ ਛਾਣ-ਬੀਣ ਲਈ ਨੁਕਸਾਨਦਾਇਕ ਹੋ ਸਕਦਾ ਹੈ ਜੇ ਕੋਈ ਵੀ:

- ਬਚੇ/ਬੱਚੀ ਦੇ ਨਾਲ ਗੁੱਸੇ ਹੋ ਜਾਂਦਾ/ਜਾਂਦੀ ਹੈ ਅਤੇ ਸੁਝਾਉਂਦਾ/(ਦੀ) ਹੈ ਕਿ ਬੱਚੇ/ਬੱਚੀ ਨੇਂ ਝੂਠ ਬੋਲਿਆ ਸੀ;

- ਤੁਹਾਡੇ ਬੱਚੇ/ਬੱਚੀ ਉਤੇ ਇਕ ਦਬਾਓ ਪਾਉਂਦਾ/(ਦੀ) ਹੈ ਕਿ ਉਹ ਵਾਪਰੀ ਘਟਨਾਂ ਦੀ ਬਾਬਤ ਆਪਣੇਂ ਬਿਆਨ ਬਦਲ ਦਏ;

- ਬੱਚੇ/ਬੱਚੀ ਨੂੰ ਇਹ ਦੱਸਦਾ/(ਦੀ) ਹੈ ਕਿ ਅਸਲ ਵਿਚ ਕੀ ਕੁਝ ਹੋਇਆ ਸੀ; ਅਤੇ/ਜਾਂ

- ਤੁਹਾਡੇ ਬੱਚੇ/ਬੱਚੀ ਨੂੰ ਇਹ ਸਿਖਾਉਂਦਾ/(ਦੀ) ਹੈ ਕਿ ਉਹ ਅਜਿਹਾ ਕੁਝ ਕਹੇ ਜੋ ਵਾਪਰੇਆ ਹੀ ਨਹੀਂ ਸੀ।



3

## ਇਕ ਬੱਚਾ ਲਿੰਗਕ ਦੁਰ-ਵਰਤੋਂ ਦੇ ਸ਼ੱਕਾਂ ਦੀ ਰਿਪੋਰਟ ਕਰਨੀ

### ਕਾਨੂੰਨੀ ਲੋੜਾਂ ਦਾ ਸਾਰ

ਔਨਟੇਰਿਓ ਵਿਚ ਦੀ *ਚਾਇਲਡ ਐਂਡ ਫ਼ੈਮਲੀ ਸਰਵਸਸ ਐਕਟ* ਇਹ ਬਿਆਨ ਕਰਦਾ ਹੈ ਕਿ ਜੇ ਤੁਸੀ ਇਹ ਸ਼ੱਕ ਕਰਦੇ ਹੋ ਕਿ ਇਕ ਬੱਚੇ/ਬੱਚੀ ਦੀ ਦੁਰ-ਵਰਤੋਂ ਹੋਈ ਹੈ ਜਾਂ ਹੋਣ ਦੇ ਜੋਖਮ ਵਿਚ ਹੈ ਤਾਂ ਉਸਦੀ ਬਾਬਤ ਕੀ ਕਰਨਾਂ ਹੈ। ਇਕ ਰਿਪੋਰਟਿੰਗ ਕਰਨ ਦੀ ਬਾਬਤ ਹੇਠਾਂ ਲਿਖੇਆ ਸਾਰ ਦੱਸਦਾ ਹੈ ਕਿ ਐਕਟ ਕੀ ਕੁਝ ਕਹਿੰਦਾ ਹੈ।

- ਅਜਿਹਾ/(ਹੀ) ਵਿਅਕਤੀ ਹੈ ਜੋ ਜਨਮ ਤੋਂ ਲੈ ਕੇ 16 ਵੇਂ ਜਨਮ ਦਿਨ ਤਕ ਇਕ ਬੱਚਾ/ਬੱਚੀ ਹੈ।

- ਜਦੋਂ ਇਕ ਬੱਚੇ ਨਾਲ ਦੁਰ-ਵਰਤੋਂ ਜਾਂ ਲਾਪਰਵਾਹੀ ਦਾ ਸ਼ੱਕ ਹੁੰਦਾ ਹੈ ਤਾਂ ਹਰ ਇਕ, ਜਿਨ੍ਹਾਂ ਵਿਚ ਉਹ ਵਿਅਕਤੀ ਵੀ ਸ਼ਾਮਲ ਹਨ ਜੋ ਬੱਚਿਆਂ ਦੇ ਸਬੰਧ ਵਿਚ ਪੇਸ਼ਾਵਰਾਨਾਂ ਜਾਂ ਸਰਕਾਰੀ ਡਿਊਟੀਆਂ ਕਰ ਰਹੇ ਹਨ, ਲਈ ਲੋੜੀਂਦਾ ਹੈ ਕਿ ਉਹ ਸਥਾਨੀਂ ਚਿਲਡਰੰਸ ਏਡ ਸੋਸਾਇਟੀ (ਸੀ ਏ ਐਸ) ਨੂੰ ਇਨ੍ਹਾਂ ਚਿੰਤਾਵਾਂ ਦੀ ਰਿਪੋਰਟ ਕਰਨ।
- ਜੇ ਤੁਸੀ ਸ਼ੱਕ ਕਰਦੇ ਹੋ ਕਿ ਇਕ ਬੱਚੇ/ਬੱਚੀ ਦੀ ਦੁਰ-ਵਰਤੋਂ ਹੋਈ ਹੈ ਜਾਂ ਹੋਣ ਦਾ ਜੋਖਮ ਹੈ ਤਾਂ ਇਹ ਲੋੜੀਂਦਾ ਹੈ ਕਿ ਤੁਸੀ ਆਪ ਇਸਦੀ ਰਿਪੋਰਟ ਕਰੋ ਅਤੇ ਤੁਸੀ ਕਿਸੇ ਹੋਰ ਨੂੰ ਤੁਹਾਡੇ ਵਲੋਂ ਰਿਪੋਰਟ ਕਰਨ ਲਈ ਨਹੀਂ ਕਹਿ ਸਕਦੇ।

- ਜੇ ਤੁਹਾਨੂੰ ਦੁਰ-ਵਰਤੋਂ ਦੀ ਬਾਬਤ ਵਧੇਰੇ ਸ਼ੱਕ ਜਾਂ ਜਾਣਕਾਰੀ ਹੈ ਤਾਂ ਦੋਬਾਰਾ ਇਕ ਚਿਲਡਰੰਸ ਏਡ ਸੋਸਾਇਟੀ ਨਾਲ ਸੰਪਰਕ ਕਰਨਾਂ ਜ਼ਰੂਰੀ ਹੈ, ਭਾਵੇਂ ਪਹਿਲਾਂ ਵੀ ਹੋਰ ਰਿਪੋਰਟਾਂ ਕੀਤੀਆਂ ਜਾ ਚੁਕਿਆਂ ਹੋਣ।

**ਜੇ ਇਕ ਬੱਚਾ/ਬੱਚੀ ਇਕ ਤੁਰੰਤ ਖ਼ਤਰੇ ਵਿਚ ਹੈ ਤਾਂ ਪੁਲੀਸ ਸੱਦਣ ਲਈ 911 ਤੇ ਕਾਲ ਕਰ**

## ਬੱਚਾ ਦੁਰ-ਵਰਤੋਂ ਦੇ ਸ਼ੱਕ ਦੀ ਰਿਪੋਰਟ ਕਰਨੀ

ਇਕ ਬੱਚਾ ਦੁਰ-ਵਰਤੋਂ ਜਾਂ ਲਾਪਰਵਾਹੀ ਦੀ ਰਿਪੋਰਟ ਕਰਨ ਲਈ ਤੁਹਾਨੂੰ ਕੇਵਲ ਇਕ ਸ਼ੱਕ ਹੀ ਦੀ ਲੋੜ ਹੈ। ਇਕ ਦੁਰ-ਵਰਤੋਂ ਨੂੰ ਸਾਬਤ ਕਰਨਾਂ ਤੁਹਾਡੀ ਜ਼ਿੰਮੇਵਾਰੀ ਨਹੀਂ ਹੈ। ਜੇ ਤੁਹਾਨੂੰ ਕੋਈ ਸ਼ੰਕਾ ਹੈ ਕਿ ਕੀ ਇਹ ਇਕ ਰਿਪੋਰਟ ਕਰਨ ਵਾਲੇ ਹਾਲਾਤ ਹੈ ਹਨ ਜਾਂ ਨਹੀਂ, ਤਾਂ ਇਹ ਸਰਵਉੱਤਮ ਗੱਲ ਹੋਏਗੀ ਕਿ ਤੁਸੀ ਆਪਣੀਆਂ ਚਿੰਤਾਵਾਂ ਅਤੇ ਮਾਰਗ-ਦਰਸ਼ਕ ਲਈ ਸੀ ਈ ਐਸ ਵਿਖੇ ਇਕ *ਚਾਇਲਡ ਪ੍ਰੋਟੈਕਸ਼ਨ ਵਰਕਰ* ਨਾਲ ਸਲਾਹ-ਮਸ਼ਵਰਾ ਕਰੋ। ਹੋਰ ਕੋਈ ਵੀ ਇਸ ਕਾਨੂੰਨੀ ਅਵਸਥਾ ਵਿਚ ਨਹੀਂ ਹੈ ਕਿ ਉਹ ਰਿਪੋਰਟ ਕਰਨ ਦੀ ਬਾਬਤ ਫ਼ੈਸਲਾ ਕਰ ਸਕੇ। ਜੇ ਇਕ ਸੀ ਏ ਐਸ ਨੂੰ ਕਾਲ ਕਰਨ ਦਾ ਤੁਹਾਡਾ ਪਹਿਲਾ ਸਮਾਂ ਹੈ ਤਾਂ ਵਰਕਰ ਨੂੰ ਇਹ ਦੱਸ ਦਿਓ। ਤੁਸੀ ਇਕ ਬੱਚਾ ਦੁਰ-ਵਰਤੋਂ ਦੀ ਰਿਪੋਰਟ ਇਕ ਗੁਮਨਾਮ ਰਹਿੰਦੇਆਂ ਹੋਇਆਂ ਕਰ ਸਕਦੇ ਹੋ (ਜਿਵੇਂ ਕਿ, ਤੁਹਡੇ ਲਈ ਆਪਣਾਂ ਨਾਂ ਛੱਡਣਾਂ ਜ਼ਰੂਰੀ ਨਹੀਂ ਹੈ)।

ਕਈ ਕਮਿਉਨਿਟੀਆਂ ਵਿਚ ਚਿਲਡਰੰਸ ਏਡ ਸੋਸਾਇਟੀ ਇਕ ਫ਼ੈਮਲੀ ਐਂਡ ਚਿਲਡਰਨ ਸਰਵਸਸ ਦੇ ਨਾਂ ਤੇ ਜਾਣੀਂ ਜਾਂਦੀ ਹੈ। ਕਈ ਵਾਰੀ ਇਕ ਏਜੈਂਸੀ ਇਕ ਧਰਮ ਅਤੇ/ਜਾਂ ਸੱਭਿਆਚਾਰ ਲਈ ਵਿਸ਼ਿਸ਼ਟ ਹੁੰਦੀ ਹੈ। ਜੇ ਜਾਣਦੇ ਹੋ ਤਾਂ ਤੁਸੀ ਉਸ ਸੀ ਏ ਐਸ ਨੂੰ ਕਾਲ ਕਰ ਸਕਦੇ ਹੋ ਜੋ ਬੱਚੇ/ਬੱਚੀ ਦੇ ਧਰਮ ਅਤੇ/ਜਾਂ ਸੱਭਿਆਚਾਰ ਦੇ ਨਾਲ ਮੇਲ ਖਾਂਦੀ ਹੈ। ਜੇ ਤੁਸੀ ਨਿਸ਼ਚਿਤ ਨਹੀਂ ਹੋ ਤਾਂ ਕਿਸੇ ਵੀ ਸੀ ਏ ਐਸ ਦੇ ਨਾਲ ਸੰਪਰਕ ਕਰਕੇ ਆਪਣੇਂ ਸ਼ੱਕ ਦੀ ਰਿਪੋਰਟ ਕਰੋ।

ਸੀ ਏ ਐਸ ਨਾਲ ਸੰਪਰਕ ਜਾਣਕਾਰੀ ਹੇਠਾਂ ਲਿਖੇਆਂ ਤੋਂ ਭਾਲੀ ਜਾ ਸਕਦੀ ਹੈ:

- "ਐਮਰਜੰਸੀ ਨੰਬਰਸ" ਦੇ ਹੇਠਾਂ;
- ਟੈਲਿਫ਼ੋਨ ਡਾਇਰੈਕਟਰੀ ਦੀਆਂ ਬਿਜ਼ਨਸ ਸੂਚੀਆਂ ਵਿਚੋਂ;
- ਇਕ ਸਥਾਨੀਂ ਜਾਂ ਖੇਤਰੀ ਪੁਲੀਸ ਵਿਭਾਗ ਤੋਂ;
- ਡਾਇਰੈਕਟਰੀ ਸਹਾਇਤਾ ਲਈ 411 ਤੇ ਕਾਲ ਕਰਕੇ; ਅਤੇ
- ਔਨਟੇਰਿਓ ਵਿਚ ਔਨ ਲਾਇਨ ਵੈਬ ਸਾਇਟ: http://www.oacas.org.

ਤੁਸੀ ਆਪਣੇਂ ਸ਼ੱਕਾਂ ਦੀ ਰਿਪੋਰਟ ਕਰਨ ਲਈ ਚਿਲਡਰੰਸ ਏਡ ਸੋਸਾਇਟੀ ਨੂੰ 24 ਘੰਟੇ, ਹਫਤੇ ਦੇ 7 ਦਿਨ ਸੰਪਰਕ ਕਰ ਸਕਦੇ ਹੋ। ਜੇ ਤੁਸੀ ਕੰਮ-ਕਾਜ ਦੇ ਆਮ ਘੰਟੇਆਂ ਦੇ ਬਾਅਦ ਕਾਲ ਕਰਦੇ ਹੋ ਤਾਂ ਤੁਹਾਨੂੰ ਸ਼ਾਇਦ ਇਕ ਆਂਸਰਿੰਗ ਸੇਵਾ ਸੁਣੇਗੀ ਅਤੇ ਤੁਹਾਨੂੰ ਇਕ ਸੰਦੇਸ਼ ਅਤੇ ਫੋਨ ਨੰਬਰ ਛੱਡਣਾਂ ਪਏਗਾ ਜਿੱਥੇ ਤੁਹਾਡੇ ਤਕ ਪਹੁੰਚਿਆ ਜਾ ਸਕੇ। ਇਸਦੇ ਬਾਅਦ ਜਲਦੀ ਹੀ ਇਕ ਚਾਇਲਡ ਪ੍ਰੋਟੈਕਸ਼ਨ ਵਰਕਰ ਵਲੋਂ ਤੁਹਾਨੂੰ ਕਾਲ ਆਉਣੀਂ ਚਾਹੀਦੀ ਹੈ। ਕੇਵਲ ਸੰਦੇਸ਼ ਛੱਡ ਦੇਣਾਂ ਇਕ ਰਿਪੋਰਟ ਕਰਨਾਂ ਨਹੀਂ ਹੈ – ਤੁਹਾਨੂੰ ਇਕ ਵਰਕਰ ਦੇ ਨਾਲ ਗੱਲ-ਬਾਤ ਕਰਨੀਂ ਪਏਗੀ।

## ਇਕ ਰਿਪੋਰਟ ਕਰਨ ਵਿਚ ਅਸਫਲ ਹੋਣਾਂ

ਉਹ ਵਿਅਕਤੀ ਜੋ ਬੱਚਿਆਂ ਨਾਲ ਪੇਸ਼ਾਵਰ ਜਾਂ ਸਰਕਾਰੀ ਡਿਊਟੀ ਕਰਕੇ ਕੰਮ-ਕਾਜ ਕਰਦੇ ਹਨ ਅਤੇ ਇਕ ਬੱਚਾ ਦੁਰ-ਵਰਤੋਂ ਦੀ ਰਿਪੋਰਟ ਨਹੀਂ ਕਰਦੇ, ਉਹ ਕਾਨੂੰਨੀ ਦੋਸ਼ਾਂ (ਚਾਰਜਸ) ਦਾ ਸਾਹਮਣਾਂ ਕਰ ਸਕਦੇ ਹਨ ਅਤੇ 1,000 ਡਾਲਰਾਂ ਤਕ ਦਾ ਜੁਰਮਾਨਾਂ ਭੁਗਤ ਸਕਦੇ ਹਨ।

## ਦੇਣਦਾਰੀ (ਲਾਇਬਿਲਿਟੀ) ਤੋਂ ਸੁਰੱਖਿਆ

ਜੇ ਇਕ ਵਿਅਕਤੀ ਇਕ ਸ਼ੱਕ ਦੇ ਹੇਠਾਂ ਬੱਚਾ ਦੁਰ-ਵਰਤੋਂ ਦੀ ਰਿਪੋਰਟ ਕਰਦਾ/(ਦੀ) ਹੈ ਤਾਂ ਉਸਨੂੰ ਦੇਣਦਾਰ ਨਹੀਂ ਠਹਿਰਾਇਆ ਜਾ ਸਕਦਾ, ਜੇ ਇਹ ਸਾਬਤ ਕੀਤਾ ਜਾ ਸਕੇ ਕਿ ਰਿਪੋਰਟ ਇਕ ਚੰਗੇ ਵਿਸ਼ਵਾਸ ਵਿਚ ਕੀਤੀ ਗਈ ਸੀ, ਨਾਂ ਕਿ ਕਿਸੇ ਨੂੰ ਤੰਗੀ ਵਿਚ ਪਾਉਣ ਲਈ।

## ਭੇਤਦਾਰੀ

ਕਈ ਰਿਸ਼ਤੇ-ਸਬੰਧਾਂ ਨੂੰ ਗੁਪਤ ਜਾਂ ਨਿੱਜੀ ਕਰਾਰ ਦਿੱਤਾ ਜਾਂਦਾ ਹੈ, ਉਦਾਹਰਣ ਲਈ, ਇਕ ਡਾਕਟਰ ਅਤੇ ਰੋਗੀ ਜਾਂ ਗ੍ਰੰਥੀ/ਪੰਡਤ/ਪਾਦਰੀ ਅਤੇ ਧਾਰਮਕ ਜਨਤਾ ਦੇ ਵਿਚਾਲੇ। ਫੇਰ ਵੀ, ਜੇ ਇਕ ਬੱਚੇ ਨਾਲ ਦੁਰ-ਵਰਤੋਂ ਦਾ ਸ਼ੱਕ ਹੋਏ ਤਾਂ ਭੇਤਦਾਰੀ ਨਹੀਂ ਰੱਖੀ ਜਾ ਸਕਦੀ। ਲੋਕਾਂ ਦੇ ਵਿਚਾਲੇ ਭਾਵੇਂ ਕਿਨੀਆਂ ਪ੍ਰਕਾਰਾਂ ਦੇ ਰਿਸ਼ਤੇ-ਸਬੰਧ ਹੋਣ, ਹਰ ਇਕ ਨੂੰ ਉਸਦੇ ਕਾਨੂੰਨੀਂ ਕਰਤਵ ਦਾ ਪੂਰਾ ਪਾਲਣ ਕਰਦੇ ਹੋਇਆਂ ਇਕ ਬੱਚੇ ਨਾਲ ਦੁਰ-ਵਰਤੋਂ ਦੀ ਰਿਪੋਰਟ ਕਰਨੀਂ ਹੀ ਚਾਹੀਦੀ ਹੈ। ਭੇਤਦਾਰੀ ਦਾ ਕੇਵਲ ਇਕ ਹੀ ਰਿਸ਼ਤਾ-ਸਬੰਧ ਹੈ, ਅਤੇ ਉਹ ਇਕ ਵਕੀਲ ਅਤੇ ਉਸਦੇ ਗਾਹਕ ਦੇ ਵਿਚਾਲੇ ਹੀ ਹੁੰਦਾ ਹੈ।

ਜੇ ਇਕ ਬੱਚੇ ਨਾਲ ਦੁਰ-ਵਰਤੋਂ ਦਾ ਸ਼ੱਕ ਹੁੰਦਾ ਹੈ ਅਤੇ ਇਸਦੀ ਰਿਪੋਰਟ ਨਹੀਂ ਕੀਤੀ ਜਾਂਦੀ ਤਾਂ ਬੱਚਾ/ਬੱਚੇ ਹੋਰ ਵੀ ਦੁਰ-ਵਰਤੋਂ ਵਾਪਰਣ ਦੇ ਖ਼ਤਰੇ ਵਿਚ ਛੱਡ ਦਿੱਤੇ ਜਾਂਦੇ ਹਨ। ਇਹ ਚਿਲਡਰੰਸ ਏਡ ਸੋਸਾਇਟੀ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਛਾਣ-ਬੀਣ ਕਰਨ, ਜਿੱਥੇ ਜ਼ਰੂਰੀ ਹੋਏ, ਪੁਲੀਸ ਦੇ ਨਾਲ, ਅਤੇ ਬੱਚਿਆਂ ਦੀ ਸੁਰੱਖਿਆਂ ਲਈ ਇਕ ਸਰਵਉੱਤਮ ਯੋਜਨਾਂ ਦਾ ਫ਼ੈਸਲਾ ਕਰਨ।

4

## ਛਾਣ-ਬੀਣ

ਇਕ ਬੱਚਾ ਦੁਰ-ਵਰਤੋਂ ਦੇ ਸ਼ੱਕ ਹੋਣ ਤੇ *ਚਿਲਡਰੰਸ ਏਡ ਸੋਸਾਇਟੀ* (ਸੀ ਏ ਐਸ) ਅਤੇ ਪੁਲੀਸ ਵਲੋਂ ਪਾਲਨ ਕੀਤੇ ਜਾਣ ਵਾਲੇ ਮਾਰਗ-ਦਰਸ਼ਕ ਆਮ ਤੌਰ ਤੇ ਇਕ ਵਿਸ਼ਿਸ਼ਟ ਦਸਤਾਵੇਜ਼ ਵਿਚ ਲਿਖੇ ਹੋਏ ਹੁੰਦੇ ਹਨ। ਟੋਰਾਂਟੋ ਵਿਚ ਇਸਨੂੰ "ਪਰੋਟੋਕੋਲ ਫੋਰ ਜੋਇੰਟ ਇਨਵੈਸਟੀਗੇਸ਼ਨਸ ਔਫ ਫਿਸਿਕਲ ਐਂਡ ਸੈਕਸੁਅਲ ਐਬਿਊਜ਼" ਦੇ ਨਾਂ ਤੇ ਜਾਣਿਆ ਜਾਂਦਾ ਹੈ।

ਜਦੋਂ ਕਦੀ ਵੀ ਇਕ ਬੱਚੇ ਨਾਲ ਲਿੰਗਕ ਦੁਰ-ਵਰਤੋਂ ਦੇ ਸ਼ੱਕਾਂ ਦੀ ਬਾਬਤ ਜਾਣਕਾਰੀ ਕਿਸੇ ਵੀ ਕਾਰਜ-ਪ੍ਰਣਾਲੀ ਵਿਚ ਪ੍ਰਵੇਸ਼ ਕੀਤੀ ਜਾਂਦੀ ਹੈ ਤਾਂ ਇਕ ਬੱਚਾ ਸੁਰੱਖਿਆ ਕਰਮਚਾਰੀ ਅਤੇ ਪੁਲੀਸ ਆਪਸ ਵਿਚ ਸੰਚਾਰ ਕਰਦੇ ਹਨ। ਉਹ ਜਾਣਕਾਰੀ ਉਤੇ ਵਿਚਾਰ-ਵਟਾਂਦਰੇ ਕਰਦੇ ਹੋਇਆਂ ਇਹ ਫੈਸਲਾ ਕਰਦੇ ਹਨ ਕਿ ਕੀ ਇਕ ਸੰਯੁਕਤ ਛਾਣ-ਬੀਣ ਕੀਤੀ ਜਾਏਗੀ। ਜੇ ਇਹ ਫੈਸਲਾ ਕਰ ਲਿਆ ਜਾਂਦਾ ਹੈ ਤਾਂ ਇਕ ਬੱਚਾ ਸੁਰੱਖਿਆ ਕਰਮਚਾਰੀ ਅਤੇ ਪੁਲੀਸ ਆਪਸ ਵਿਚ ਇਕ ਛਾਣ-ਬੀਣ ਟੀਮ ਬਣਾ ਲੈਂਦੇ ਹਨ। ਉਹ ਰਲ-ਮਿਲ ਕੇ ਕੰਮ-ਕਾਜ ਕਰਦੇ ਹੋਇਆਂ ਛਾਣ-ਬੀਣ ਦੇ ਮੁੱਢਲੇ ਕਦਮਾਂ ਉਤੇ ਫੈਸਲੇ ਕਰਦੇ ਹਨ।

ਇਕ ਬੱਚਾ ਸੁਰੱਖਿਆ ਕਰਮਚਾਰੀ ਅਤੇ ਪੁਲੀਸ ਅਧਿਕਾਰੀ ਕੋਲੋਂ ਉਨ੍ਹਾਂ ਦੇ ਬਿਜ਼ਨਸ ਕਾਰਡਾਂ ਦੀ ਮੰਗ ਕਰੋ। ਇਸ ਛਾਣ-ਬੀਣ ਦੀ ਬਾਬਤ ਤੁਹਾਡੇ ਪ੍ਰਸ਼ਨਾਂ ਦੇ ਉੱਤਰ ਪ੍ਰਾਪਤ ਕਰਨ ਲਈ ਇਹ ਤੁਹਾਡੇ ਸਰਵਉੱਤਮ ਸਾਧਨ ਹਨ।

ਪੁਲੀਸ

ਪੁਲੀਸ ਲਿੰਗਕ ਦੁਰ-ਵਰਤੋਂ ਦੇ ਦਾਅਵੇਆਂ ਦੀ ਛਾਣ-ਬੀਣ ਇਹ ਫੇਸਲਾ ਕਰਨ ਲਈ ਕਰਦੀ ਹੈ ਕਿ ਕੀ ਇਕ ਅਪਰਾਧੀ ਦੋਸ਼ ਥੋਪਣ ਲਈ ਕਾਫ਼ੀ ਸਬੂਤ ਹੈਗੇ ਹਨ।

ਅਤੇ

ਚਿਲਡਰੰਸ ਏਡ ਸੋਸਾਇਟੀ

ਜਦੋਂ ਕਦੀ ਇਕ ਲਿੰਗਕ ਦੁਰ-ਵਰਤੋਂ ਦਾ ਦਾਅਵਾ ਕੀਤਾ ਜਾਂਦਾ ਹੈ ਤਾਂ ਇਕ ਬੱਚਾ ਸੁਰੱਖਿਆ ਅਧਿਕਾਰੀ ਦਾ ਇਹ ਕਰਤਵ ਹੈ ਕਿ ਉਹ ਬੱਚੇ ਦੀ ਸੁਰੱਖਿਆ ਅਤੇ ਬਚਾਉ ਦੇ ਲ਼ਈ ਛਾਣ-ਬੀਣ ਕਰੇ।

## ਸੀ ਏ ਐਸ ਅਤੇ ਲਿੰਗਕ ਦੁਰ-ਵਰਤੋਂ ਦੀਆਂ ਛਾਣ-ਬੀਣਾਂ

ਔਨਟੇਰਿਓ ਵਿਚ 16 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਦੇ ਲਈ ਸੁਰੱਖਿਆ ਅਤੇ ਬਚਾਉ ਸੀ ਏ ਐਸ ਦਾ ਕੇਂਦਰੀ ਪਾਤਰ ਹੈ। ਜਦੋਂ ਕਦੀ ਇਕ ਲਿੰਗਕ ਦੁਰ-ਵਰਤੋਂ ਦਾ ਦਾਅਵਾ ਕੀਤਾ ਜਾਂਦਾ ਹੈ, ਇਕ ਚਾਇਲਡ ਪ੍ਰੋਟੈਕਸ਼ਨ ਵਰਕਰ ਦਾ ਪਾਤਰ ਇਹ ਹੈ ਕਿ ਉਹ ਇਸ ਦਾਅਵੇ ਦੀ ਛਾਣ-ਬੀਣ ਕਰੇ ਅਤੇ ਬੱਚੇ ਦੀ ਸੁਰੱਖਿਆ ਨੂੰ ਨਿਸ਼ਚਿਤ ਕਰੇ। ਦੀ ਸੀ ਏ ਐਸ ਆਪਣੀਂ ਸੰਭਾਲ ਵਿਚ ਰੱਖੇ ਹੋਏ 16 ਸਾਲਾਂ ਤੋਂ ਵਧੇਰੀ ਉਮਰ ਦੇ ਬੱਚਿਆਂ ਵਲੋਂ ਲਿੰਗਕ ਦੁਰ-ਵਰਤੋਂ ਦੀ ਬਾਬਤ ਕੀਤੇ ਗਏ ਦਾਅਵੇਆਂ ਦੀ ਬਾਬਤ ਛਾਣ-ਬੀਣ ਵੀ ਕਰੇਗੀ।

ਸੀ ਏ ਐਸ ਨੂੰ ਇਕ ਵਿਸ਼ਿਸ਼ਟ ਭੇਦ ਦੀ ਜਾਣਕਾਰੀ ਅਤੇ ਲਿੰਗਕ ਦੁਰ-ਵਰਤੋਂ ਦੇ ਸ਼ੱਕ ਦੀ ਰਿਪੋਰਟ ਕਰਨ ਦੇ ਨਤੀਜੇ ਵਜੋਂ ਦੂਜੇ ਬੱਚਿਆਂ ਦੀ ਛਾਣ-ਬੀਣ ਅਤੇ/ਜਾਂ ਬਚਾਉ ਵੀ ਕਰ ਸਕਦੀ ਹੈ ਜੋ ਸ਼ਾਇਦ ਦੁਰ-ਵਰਤੋਂ ਦਾ ਸ਼ਿਕਾਰ ਹੋਏ ਹਨ ਜਾਂ ਹੋਣ ਦੇ ਜੋਖਮ ਵਿਚ ਹੈ ਹਨ।

ਇਕ ਦੋਸ਼ਿਤ ਉਲੰਘਣਾਕਾਰ ਦੂਜੇ ਬੱਚਿਆਂ ਦਾ/ਦੀ ਵੀ ਸੁਆਮੀਂ ਹੋ ਸਕਦਾ/(ਦੀ) ਹੈ (ਜਿਵੇਂ ਕਿ, ਉਸਦਾ ਆਪਣਾਂ ਟੱਬਰ ਜਾਂ ਵਿਦਿਆਰਥੀ) ਅਤੇ /ਜਾਂ ਬੱਚਿਆਂ ਦੇ ਉਤੇ ਇਕ ਵਿਸ਼ਵਾਸ ਜਾਂ ਅਧਿਕਾਰੀ ਦੀ ਪਦਵੀ ਉਤੇ ਹੋਏ, ਜਿਨ੍ਹਾਂ ਨੂੰ ਵੀ ਬਚਾਉ ਦੀ ਲੋੜ ਹੋ ਸਕਦੀ ਹੈ।

ਜਿੱਥੇ ਵੀ ਸੰਭਵ ਹੋਏ, ਜਦੋਂ ਤਕ ਛਾਣ-ਬੀਣ ਪੂਰੀ ਨਾਂ ਹੋ ਜਾਏ, ਸੀ ਏ ਐਸ ਅਤੇ ਪੁਲੀਸ ਦੋਸ਼ਿਤ ਉਲੰਘਣਾਕਾਰ ਨੂੰ ਉਸਦੇ ਸ਼ਿਕਾਰ ਤੋਂ ਅੱਡ ਕਰ ਦੇਣ ਲਈ ਤੁਰੰਤ ਕਾਰਵਾਈ ਕਰਨਗੇ। ਇਸ ਸਮੇਂ ਦੇ ਦੌਰਾਨ ਇਕ ਦੋਸ਼ਿਤ ਉਲੰਘਣਾਕਾਰ ਦਾ ਬੱਚੇ ਦੇ ਨਾਲ ਕੋਈ ਸੰਪਰਕ ਨਹੀਂ ਹੋਣਾਂ ਚਾਹੀਦਾ ਕਿਉਂਕਿ ਇਹ ਇਕ ਬੱਚੇ/ਬੱਚੀ ਨੂੰ ਵਧੇਰੀ ਦੁਰ-ਵਰਤੋਂ ਦੇ ਜੋਖਮ ਵਿਚ ਪਾ ਸਕਦੀ ਹੈ।

## ਪੁਲੀਸ ਅਤੇ ਲਿੰਗਕ ਦੁਰ-ਵਰਤੋਂ ਦੀਆਂ ਛਾਣ-ਬੀਣਾਂ

ਪੁਲੀਸ ਲਿੰਗਕ ਦੁਰ-ਵਰਤੋਂ ਦੇ ਦਾਅਵੇਆਂ ਦੀ ਛਾਣ-ਬੀਣ ਇਹ ਫੇਸਲਾ ਕਰਨ ਲਈ ਕਰਦੀ ਹੈ ਕਿ ਕੀ ਇਕ ਅਪਰਾਧੀ ਉਲੰਘਣਾਂ ਵਾਪਰੀ ਹੈ।

ਜਦੋਂ ਅਜਿਹਾ ਕਰਨ ਦੇ ਸਬੂਤ ਹੋਂਦ ਵਿਚ ਆਉਂਦੇ ਹਨ ਤਾਂ ਇਕ ਪੁਲੀਸ ਅਧਿਕਾਰੀ ਦੋਸ਼ਿਤ ਉਲੰਘਣਾਕਾਰ ਦੀ ਅਪਰਾਧੀ ਛਾਣ-ਬੀਣ, ਗਰਿਫਤਾਰੀ ਅਤੇ ਅਪਰਾਧੀ ਦੋਸ਼ ਲਗਾਉਣ ਦਾ/ਦੀ ਜ਼ਿੰਮੇਵਾਰ ਹੰਦਾ/ਹੁੰਦੀ ਹੈ।

ਜੇ ਇਕ 16 ਸਾਲਾਂ, ਜਾਂ ਇਸਤੋਂ ਵੱਧ ਦੀ ਉਮਰ ਦੇ/ਦੀ ਨੌ-ਜਵਾਨ ਉਤੇ ਦੁਰ-ਵਰਤੋਂ ਦਾ ਸ਼ਿਕਾਰ ਹੋਏ ਹੋਣ ਦਾ ਸ਼ੱਕ ਹੁੰਦਾ ਹੈ ਤਾਂ ਪੁਲੀਸ ਵਲੋਂ ਕੇਵਲ ਇਕੱਲੇਆਂ ਹੀ ਛਾਣ-ਬੀਣ ਕਰਨੀਂ ਪ੍ਰਤਿਰੂਪੀ ਹੁੰਦੀ ਹੈ, ਜਦੋਂ ਤਕ ਕਿ ਛੋਟੇ ਭੈਣ-ਭਾਈ/ਬੱਚੇ ਇਕ ਜੋਖਮ ਵਿਚ ਹੋਣ ਜਾਂ ਹੋ ਸਕਦੇ ਹੋਣ।

ਕਿਸੇ ਸਮੇਂ ਤੇ, ਜੇ ਅਪਰਾਧੀ ਛਾਣ-ਬੀਣ ਕਰਨ ਦੇ ਅਧਾਰ ਨਹੀਂ ਰਹਿੰਦੇ ਤਾਂ ਪੁਲੀਸ ਦਾ ਲੈਣ-ਦੇਣ ਜਾਰੀ ਨਹੀਂ ਰਹੇਗਾ। ਜੇ ਸੁਰੱਖਿਆ ਸਬੰਧੀਂ ਮਾਮਲੇ ਹੱਲ ਨਹੀਂ ਹੋਏ ਤਾਂ ਸੀ ਏ ਐਸ ਆਪਣਾਂ ਦਖਲ ਜਾਰੀ ਰੱਖ ਸਕਦੀ ਹੈ। ਦੂਜੇ ਹਾਲਾਤਾਂ ਵਿਚ ਪੁਲੀਸ ਸੀ ਏ ਐਸ ਦੇ ਬਗ਼ੈਰ ਹੀ ਛਾਣ-ਬੀਣ ਨੂੰ ਜਾਰੀ ਰੱਖ ਸਕਦੀ ਹੈ।

ਇਕ ਅਪਰਾਧੀ ਛਾਣ-ਬੀਣ ਕਰਨ ਵਾਲਾ/ਵਾਲੀ ਪੁਲੀਸ ਅਧਿਕਾਰੀ ਮਾਂ/ਪਿਉ/ਦੇਖ-ਭਾਲ ਕਰਨ ਵਾਲੇ/ਵਾਲੀ ਨੂੰ ਇਹ ਸਲਾਹ ਦੇ ਸਕਦਾ/(ਦੀ) ਹੈ ਕਿ ਉਹ ਬੱਚੇ ਜਾਂ ਦੂਜੇਆਂ ਨਾਲ ਬਿਆਨਾਂ ਦੀ ਬਾਬਤ ਗੱਲ-ਬਾਤ ਨਾਂ ਕਰਨ, ਕਿਉਂਕਿ ਅਜਿਹਾ ਕਰਨ ਨਾਲ ਅਪਰਾਧੀ ਕਾਨੂੰਨੀ ਕਾਰਵਾਈਆਂ ਉਤੇ ਪ੍ਰਭਾਵ ਪੈ ਸਕਦਾ ਹੈ।

## *ਇਕ ਬੱਚਾ ਲਿੰਗਕ ਦੁਰ-ਵਰਤੋਂ ਦੀ ਛਾਣ-ਬੀਣ ਵਿਚ ਮੁੱਢਲੇ ਕਦਮ*



## ਇਕ ਬੱਚਾ ਦੁਰ-ਵਰਤੋਂ ਛਾਣ-ਬੀਣ ਦੇ ਪ੍ਰਤਿਰੂਪੀ ਕਦਮ

- ਇਹ ਇਕ ਚਾਇਲਡ ਪ੍ਰੋਟੈਕਸ਼ਨ ਵਰਕਰ ਨੂੰ ਸੌਂਪ ਦਿੱਤਾ ਜਾਂਦਾ ਹੈ।

- ਜੋ ਵਿਅਕਤੀ ਸ਼ੱਕ ਦੀ ਰਿਪੋਰਟ ਕਰਦਾ/(ਦੀ) ਹੈ, ਉਸਦਾ ਇੰਟਰਵਿਊ ਕੀਤਾ ਜਾਂਦਾ ਹੈ।

- ਇਕ ਚਾਇਲਡ ਪ੍ਰੋਟੈਕਸ਼ਨ ਵਰਕਰ ਸੀ ਏ ਐਸ ਦੇ ਰਿਕਾਰਡਾਂ ਵਿਚੋਂ ਬੱਚੇ, ਟੱਬਰ ਅਤੇ/ ਜਾਂ ਦੋਸ਼ਿਤ ਉਲੰਘਣਾਕਾਰ ਦੇ ਨਾਲ ਵਰਤਮਾਨ ਜਾਂ ਭੂਤ-ਕਾਲ ਵਿਚ ਹੋਏ ਸੰਪਰਕ ਦੀ ਖੋਜ ਕਰਦਾ/(ਦੀ) ਹੈ।

- ਜਦੋਂ ਉਚਿਤ ਹੋਏ, ਪੁਲੀਸ ਦੇ ਨਾਲ ਸੰਪਰਕ ਕੀਤਾ ਜਾਂਦਾ ਹੈ। ਸੀ ਏ ਐਸ ਅਤੇ ਪੁਲੀਸ ਇਕ ਸਾਂਝੀ ਛਾਣ-ਬੀਣ ਦੇ ਅਗਲੇ ਕਦਮ ਦੀ ਯੋਜਨਾਂ ਬਣਾਂ ਸਕਦੇ ਹਨ।

- ਪੁਲੀਸ ਦਾ/ਦੀ ਅਧਿਕਾਰੀ ਪੁਲੀਸ ਦੇ ਰਿਕਾਰਡਾਂ ਵਿਚੋਂ ਦੋਸ਼ਿਤ ਉਲੰਘਣਾਕਾਰ ਦੇ ਨਾਲ ਭੂਤ-ਕਾਲ ਵਿਚ ਹੋਏ ਸੰਪਰਕ ਦੀ ਖੋਜ ਕਰਦਾ/(ਦੀ) ਹੈ।

- ਇਕ ਚਾਇਲਡ ਪ੍ਰੋਟੈਕਸ਼ਨ ਵਰਕਰ ਇਕ ਬੱਚੇ/ਬੱਚੀ ਦੀ ਤੁਰੰਤ ਸੁਰੱਖਿਆ ਦੇ ਮੁੱਲਾਂਕਣ ਕਰਨ ਲਈ ਬੱਚੇ/ਬੱਚੀ ਨੂੰ ਮਿਲਦਾ/(ਦੀ) ਹੈ। ਇਸ ਇੰਟਰਵਿਊ ਵਿਚ ਇਕ ਚਾਇਲਡ ਪ੍ਰੋਟੈਕਸ਼ਨ ਵਰਕਰ ਅਤੇ/ਜਾਂ ਪੁਲੀਸ ਸ਼ਾਮਲ ਹੋ ਸਕਦੇ ਹਨ।

- ਭੈਣ-ਭਾਈਆਂ ਅਤੇ ਦੂਜੇ ਬੱਚਿਆਂ ਦਾ ਇੰਟਰਵਿਊ ਵੀ ਕੀਤਾ ਜਾ ਸਕਦਾ ਹੈ ਜੋ ਦੋਸ਼ਿਤ ਉਲੰਘਣਾਕਾਰ ਦੇ ਹੱਥੀਂ ਦੁਰ-ਵਰਤੋਂ ਦਾ ਸ਼ਿਕਾਰ ਹੋਏ ਜਾਂ ਹੋਣ ਦੇ ਜੋਖਮ ਵਿਚ ਹੋ ਸਕਦੇ ਹਨ (ਵੇਖੋ ਹਿੱਸਾ "ਤੁਹਾਡੇ ਬੱਚੇ/ਬੱਚੀ ਦਾ ਇੰਟਰਵਿਊ")।

- ਜੇ ਲੋੜ ਹੋਏ ਤਾਂ ਬੱਚੇ/ਬੱਚੀ ਦੀ ਡਾਕਟਰੀ ਜਾਂਚ (*ਅਸੈਸਮੈਂਟ*) ਦਾ ਪ੍ਰਬੰਧ ਕੀਤਾ ਜਾਂਦਾ ਹੈ (ਵੇਖੋ ਹਿੱਸਾ "ਡਾਕਟਰੀ ਧਿਆਨਦੇਹੀ")।

- ਪਛਾਣੇਂ ਗਏ ਹੋਰ ਗਵਾਹਾਂ ਦਾ ਇੰਟਰਵਿਊ ਵੀ ਕੀਤਾ ਜਾ ਸਕਦਾ ਹੈ।

- ਇਕ ਚਾਇਲਡ ਪ੍ਰੋਟੈਕਸ਼ਨ ਵਰਕਰ ਵਲੋਂ ਬੱਚੇ/ਬੱਚੀ ਦੇ/ਦੀ ਮਾਂ/ਪਿਉ/ਦੇਖ-ਭਾਲ ਕਰਨ ਵਾਲੇ/ਵਾਲੀ ਦਾ ਇੰਟਰਵਿਊ (ਜੇ ਉਚਿਤ ਹੋਏ ਤਾਂ ਪੁਲੀਸ ਸਮੇਤ) ਕਰਦਾ ਹੈ, ਜੇਕਰ ਦੋਸ਼ਿਤ ਉਲੰਘਣਾਕਾਰ ਇਕ ਮਾਂ/ਪਿਉ/ਦੇਖ-ਭਾਲ ਕਰਨ ਵਾਲਾ/ਵਾਲੀ ਨਹੀਂ ਹੈ।

- ਇਕ ਦੋਸ਼ਿਤ ਉਲੰਘਣਾਕਾਰੀ ਦਾ ਇੰਟਰਵਿਊ ਪਹਿਲਾਂ ਪੁਲੀਸ ਕਰਦੀ ਹੈ। ਜਦੋਂ ਉਚਿਤ ਹੋਏ, ਇਕ ਚਾਇਲਡ ਪ੍ਰੋਟੈਕਸ਼ਨ ਵਰਕਰ ਵੀ ਦੋਸ਼ਿਤ ਉਲੰਘਣਾਕਾਰੀ ਦਾ ਇੰਟਰਵਿਊ ਕਰ ਸਕਦੀ ਹੈ।

(ਇਸ ਤੋਂ ਲੈ-ਅਪਨਾਇਆ ਗਿਆ : ਰਮੇਰ, ਪੀ। (2003). "ਮੇਕਿੰਗ ਏ ਡਿਫ਼ਰੈਂਸ: ਦੀ ਕਮਿਉਨਿਟੀ ਰੈਸਪੌਂਡਸ ਟੂ ਚਾਇਲਡ ਐਬਿਊਜ਼।" ਟੋਰਾਂਟੋ:ਟੋਰਾਂਟੋ ਚਾਇਲਡ ਐਬਿਊਜ਼ ਸੈਂਟਰ)।

## ਇਕ ਛਾਣ-ਬੀਣ ਦੀਆਂ ਸੰਭਵ ਪ੍ਰਤਿਕ੍ਰਿਆਵਾਂ

ਇਕ ਛਾਣ-ਬੀਣ ਦੀ ਕਾਰਜ-ਪ੍ਰਣਾਲੀ ਇਕ ਬੱਚੇ/ਬੱਚੀ, ਦੂਜੇ ਟੱਬਰ ਦੇ ਮੈਂਬਰਾਂ ਅਤੇ ਦੇਖ-ਭਾਲ ਕਰਨ ਵਾਲਿਆਂ ਦੇ ਲਈ ਯਾਦਾਂ ਨੂੰ ਭਵਕਾਉ ਅਤੇ ਤੀਬਰ ਭਾਵਨਾਵਾਂ ਦਾ ਕਾਰਣ ਬਣ ਸਕਦੀ ਹੈ। ਕੁਝ ਇਕ ਪ੍ਰਤਿਕ੍ਰਿਆਵਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਕਾਬੂ ਖੋਹ ਬੈਠਣ ਦੀਆਂ ਭਾਵਨਾਵਾਂ ਜਾਂ ਇਕ ਉਲਝਣ ਦੀ ਭਾਵਨਾਂ;

- ਦੁਰ-ਵਰਤੋਂ ਰਿਪੋਰਟ ਕਰਨ ਵਾਲੇ/ਵਾਲੀ ਉਤੇ ਅਤੇ/ਜਾਂ ਮੁਦਾਖ਼ਲਤ ਕਰਨ ਵਾਲੇ ਅਧਿਕਾਰੀਆਂ ਦੇ ਉਤੇ ਗੁੱਸਾ;

- ਇਹ ਹੈਰਾਨੀਂ ਹੋਣੀਂ ਕਿ ਰਿਪੋਰਟ ਕਰਨਾਂ ਇਕ ਠੀਕ ਗੱਲ ਸੀ ਜਾਂ ਨਹੀਂ;

- ਇਹ ਬੇਚੈਨੀਂ ਹੋਣੀਂ ਕਿ ਸੀ ਏ ਐਸ/ਪੁਲੀਸ ਏਨੀਂ ਜਲਦੀ ਨਾਲ ਪੈਰਵੀ ਨਹੀ ਕਰ ਰਹੀ ਜਿਨੀਂ ਕਿ ਤੁਸੀ ਚਾਹੁੰਦੇ ਹੋ, ਜਾਂ ਬੜੀ ਜਲਦੀ ਨਾਲ ਅੱਗੇ ਵਧ ਰਹੇ ਹਨ;

- ਇਹ ਡਰ ਕਿ ਅਗਾਂਹ ਕੀ ਹੋਏਗਾ;

- ਇਹ ਚਿੰਤਾ ਹੋਣੀਂ ਕਿ ਇਸਦਾ ਬੱਚੇ/ਬੱਚੀ ਅਤੇ ਟੱਬਰ ਦੇ ਉਤੇ ਕੀ ਪ੍ਰਭਾਵ ਹੋਏਗਾ;

• ਇਹ ਰਾਹਤ ਹੋਣੀਂ ਕਿ ਕੁਝ ਤਾਂ ਹੋਣ ਹੀ ਵਾਲਾ ਹੈ; ਅਤੇ

• ਇਹ ਸੁੱਖ ਕਿ ਬੱਚਾ/ਬੱਚੀ ਸੁਰੱਖਿਅਤ ਹੈ।

## ਤੁਹਾਡੇ ਬੱਚੇ/ਬੱਚੀ ਦਾ ਇੰਟਰਵਿਊ

ਇਕ ਬੱਚਾ ਲਿੰਗਕ ਦੁਰ-ਵਰਤੋਂ ਦੇ ਸ਼ੱਕ ਦੀ ਰਿਪੋਰਟ ਦੇ ਬਾਅਦ, ਤੁਹਾਡੇ ਬੱਚੇ/ਬੱਚੀ ਦਾ ਇੰਟਰਵਿਊ ਕੀਤਾ ਜਾਏਗਾ। ਇਨ੍ਹਾਂ ਇੰਟਰਵਿਊ/(ਆਂ) ਨੂੰ ਵਿਸ਼ੇਸ਼ ਸਿਖਲਾਈ ਪ੍ਰਾਪਤ ਚਾਇਲਡ ਪ੍ਰੋਟੈਕਸ਼ਨ ਵਰਕਰ ਅਤੇ ਪੁਲੀਸ ਅਧਿਕਾਰੀ ਕਰਨ ਗੇ । ਜਦੋਂ ਉਚਿਤ ਹੋਏ, ਉਹ ਇੰਟਰਵਿਊ/(ਸ) ਨੂੰ ਇਕੱਠੇਆਂ ਪੂਰੇਆਂ ਕਰਨਗੇ।

ਇੰਟਰਵਿਊ ਕਰਨ ਵਾਲੇ/ਵਾਲੀਆਂ ਤੁਹਾਡੇ ਬੱਚੇ/ਬੱਚੀ ਕੋਲੋਂ ਵਾਪਰੀ ਹੋਈ ਘਟਨਾਂ ਦਾ ਪੂਰਾ ਵੇਰਵਾ ਪੁੱਛਣਗੇ। ਇਹ ਸੰਭਵ ਹੈ ਕਿ ਇਕ ਤੋਂ ਵੱਧ ਇੰਟਰਵਿਊ ਦੀ ਲੋੜ ਹੋਏ, ਵਿਸ਼ੇਸ਼ ਕਰਕੇ ਛੋਟੇ ਬੱਚਿਆਂ ਦੇ ਨਾਲ।

## ਇੰਟਰਵਿਊ ਤੇ ਇਕ ਸਹਾਇਤਾ-ਬਲ ਦੇਣ ਯੋਗ ਵਿਅਕਤੀ ਦਾ ਸਾਥ ਹੋਣਾਂ

ਇਕ ਸਹਾਇਤਾ-ਬਲ (*ਸੱਪੋਰਟ ਪਰਸਨ*) ਵਿਅਕਤੀ ਉਹ ਕੋਈ ਹੈ ਜਿਸ ਕੋਲੋਂ ਤੁਹਾਡਾ/(ਡੀ) ਬੱਚਾ/ਬੱਚੀ ਇੰਟਰਵਿਊ ਦੇ ਦੌਰਾਨ ਸਹਾਇਤਾ ਚਾਹੁੰਦਾ/ਦੀ) ਹੈ। ਜੇ ਤੁਹਾਡਾ/(ਡੀ) ਬੱਚਾ/ਬੱਚੀ ਇਕ ਕੈਨੇਡਿਅਨ ਐਬੋਰੀਜਨਲ ਪਿੱਛੋਕੜ ਤੋਂ ਹੈ ਤਾਂ ਤੁਸੀ ਸ਼ਾਇਦ ਉਹ ਅਤੇ/ਜਾਂ ਤੁਹਾਡਾ ਟੱਬਰ ਇੰਟਰਵਿਊ ਵਿਚ ਇਕ ਬੈਂਡ ਪ੍ਰਤਿਨਿਧੀ ਨੂੰ ਸ਼ਾਮਲ ਕਰਨਾਂ ਚਾਹੋਗੇ।

ਆਮ ਤੌਰ ਤੇ ਸਭ ਤੋਂ ਚੰਗਾ ਇਹ ਹੁੰਦਾ ਹੈ ਕਿ ਛਾਣ-ਬੀਣ ਕਰਤਾ ਇਸ ਇੰਟਰਵਿਊ ਨੂੰ ਕਿਸੇ ਵੀ ਵਿਅਕਤੀ ਦੀ ਗ਼ੈਰ-ਹਾਜ਼ਰੀ ਵਿਚ ਕਰਨ। ਇਹ ਤੁਹਾਡੇ ਬੱਚੇ/ਬੱਚੀ ਨੂੰ ਕਿਸੇ ਪਿਆਰੇ/(ਰੀ) ਜਾਂ ਅਧਿਕਾਰੀ ਪਦਵੀ ਦੇ ਸਿੱਧੇ ਜਾਂ ਅਸਿੱਧੇ ਦਬਾਉ ਦੇ ਬਗ਼ੈਰ ਬੋਲਣ ਦਾ ਅਵਸਰ ਦਏਗਾ।

ਇਕ ਸਹਾਇਤਾ-ਬਲ ਵਿਅਕਤੀ ਦੀ ਹਾਜ਼ਰੀ ਸਦਾ ਹੀ ਬੱਚਾ/ਬੱਚੀ ਦੀਆਂ ਲੋੜਾਂ ਦੇ ਅਨੁਪਾਤ ਵਿਚ ਦੂਜੇਆਂ ਦੀਆਂ ਲੋੜਾਂ ਅਤੇ ਇੱਛਾਵਾਂ ਦੇ ਅਧਾਰ ਉਤੇ ਹੋਣੀਂ ਚਾਹੀਦੀ ਹੈ।

ਆਪਣੇਂ ਮਾਪਿਆਂ ਨੂੰ ਹੋਰ ਦੁਖੀ ਕਰਨ ਤੋਂ ਬਚਾਉਣ ਲਈ ਬਹੁਤ ਸਾਰੇ ਬੱਚੇ, ਅਤੇ ਵਿਸ਼ੇਸ਼ਤਾ ਨਾਲ ਨੌ-ਜਵਾਨ, ਇਕ ਦੂਜਾ/ਦੂਜੀ ਰਿਸ਼ਤੇਦਾਰ, ਇਕ ਅਧਿਆਪਕ/(ਕਾ) ਜਾਂ ਚਾਇਲਡ ਕੇਅਰ ਪ੍ਰੋਵਾਇਡਰ ਜਿਹੇ/ਜਿਹੀਆਂ ਵੱਖਰੇ/ਵੱਖਰੀਆਂ ਸਹਾਇਤਾ-ਬਲ ਵਿਅਕਤੀ/(ਆਂ) ਨੂੰ ਵਧੇਰੇ ਪਸੰਦ ਕਰਦੇ ਹਨ। ਜੇ ਇਕ ਸਹਾਇਤਾ-ਬਲ ਵਿਅਕਤੀ ਦੀ ਹਾਜ਼ਰੀ ਹੋਣੀਂ ਹੀ ਹੈ ਤਾਂ ਛਾਣ-ਬੀਣ ਟੀਮ ਇਹ ਕੁਝ ਕਰੇਗੀ:

• ਇਸ ਸੰਭਾਵਨਾਂ ਦੀ ਬਾਬਤ ਵਿਚਾਰ-ਵਟਾਂਦਰਾ ਕਰੇਗੀ ਕਿ ਉਹ ਕੋਮਲਚਿੱਤ ਅਤੇ ਦੁੱਖਦਾਈ ਜਾਣਕਾਰੀ ਸੁਣ ਸਕਦਾ/(ਦੀ) ਹੈ, ਅਤੇ ਉਸਨੂੰ ਭੇਤ ਖੁੱਲਣ ਦੇ ਦੌਰਾਨ ਨਿਰਪੱਖ ਰਹਿਣਾਂ ਲੋੜੀਂਦਾ ਹੈ (ਜਿਵੇਂ ਕਿ ਬੱਚੇ/ਬੱਚੀ ਨੂੰ ਸਿਖਲਾਉਣਾਂ ਜਾਂ ਹੱਲਾ-ਸ਼ੇਰੀ ਨਹੀਂ ਦੇਣੀਂ);

• ਇਸ ਵਿਅਕਤੀ ਨੂੰ ਕਹਿਣ ਕਿ ਉਹ ਬੱਚੇ/ਬੱਚੀ ਦੇ ਪਿੱਛੇ ਜਾਂ ਨਾਲ ਬੈਠੇ (ਪਰ ਬੱਚੇ/ਬੱਚੀ ਦੇ ਸਾਹਮਣੇਂ, ਅੱਖੋ-ਅੱਖੀਂ ਦ੍ਰਿਸ਼ ਵਿਚ ਨਹੀਂ) ਤਾਂ ਕਿ ਬੱਚਾ/ਬੱਚੀ ਸਹਾਇਤਾ-ਬਲ ਵਿਅਕਤੀ ਦੇ ਵਲੋਂ ਸੁਖਦ ਮਹਿਸੂਸ ਤਾਂ ਕਰ ਸਕੇ ਪਰ ਉਸਦੀਆਂ ਪ੍ਰਤਿਕ੍ਰਿਆਵਾਂ ਦੇ ਪ੍ਰਭਾਵ ਵਿਚ ਨਾਂ ਪੈ ਸਕੇ; ਅਤੇ

• ਇਸ ਸਹਾਇਤਾ-ਬਲ ਵਿਅਕਤੀ ਨੂੰ ਇਹ ਦੱਸਣਾਂ ਕਿ ਜੇ ਉਹ ਇਕ ਇੰਟਰਵਿਊ ਦੇ ਦੌਰਾਨ ਹਾਜ਼ਰ ਹੁੰਦਾ/ਹੁੰਦੀ ਹੈ ਤਾਂ ਉਸਨੂੰ ਗਵਾਹੀ ਦੇਣ ਲਈ ਕਚਹਿਰੀ ਵਿਚ ਸੱਦੇ ਜਾਣ ਦੀ ਸੰਭਾਵਨਾਂ ਹੈ (ਜਿਵੇਂ ਕਿ ਕਚਹਿਰੀ ਵਿਚ ਹਾਜ਼ਰੀ ਦੇਣ ਦਾ ਹੁਕਮ-ਨਾਮਾਂ ਹੱਥੀਂ ਦਿੱਤਾ ਜਾਣਾਂ)। ਜੇ ਅਜਿਹਾ ਹੁੰਦਾ ਹੈ ਤਾਂ ਸੰਭਵ ਹੈ ਕਿ ਬੱਚੇ/ਬੱਚੀ ਦੇ ਬਿਆਨ (*ਟੈਸਟਿਮੋਨੀ*) ਦੇਣ ਦੇ ਵੇਲੇ ਇਹ ਸਹਾਇਤਾ-ਬਲ ਵਿਅਕਤੀ ਕਚਹਿਰੀ ਵਿਚ ਹਾਜ਼ਰੀ ਦੇ ਯੋਗ ਨਾਂ ਹੋਏ।

ਇਕ ਬੱਚਾ/ਬੱਚੀ ਇਕ ਸਹਾਇਤਾ-ਬਲ ਵਿਅਕਤੀ ਵਾਲੇ/ਵਾਲੀ ਦੀ ਹਾਜ਼ਰੀ ਵਿਚ ਭੇਦ ਦੀ ਵਿਆਖਿਆ ਕਰਨ ਵਿਚ ਬੇਆਰਾਮੀਂ ਮਹਿਸੂਸ ਕਰ ਸਕਦਾ/(ਦੀ) ਹੈ। ਜਾਣਕਾਰੀ ਵਿਚ ਸ਼ਰਮਿੰਦਗੀ ਜਾਂ ਦੂਜੇਆਂ ਨੂੰ ਦੁੱਖੀ ਕਰਨ ਦੇ ਡਰ ਕਰਕੇ ਇਕ ਬੱਚਾ/ਬੱਚੀ ਸ਼ਾਇਦ ਖੁੱਲ ਕੇ ਨਾਂ ਬੋਲ ਸਕੇ।



## ਇੰਟਰਵਿਊ ਲਈ ਸਹਿਮਤੀ

ਛਾਣ-ਬੀਣ ਦੀ ਟੀਮ ਇਕ ਬੱਚੇ/ਬੱਚੀ ਦਾ ਇੰਟਰਵਿਊ ਕਰਨ ਤੋਂ ਪਹਿਲਾਂ ਇਕ ਮਾਂ/ਪਿਉ/ਦੇਖ-ਭਾਲ ਕਰਨ ਵਾਲੇ/ਵਾਲੀ ਕੋਲੋਂ ਸਹਿਮਤੀ ਲੈਣ ਦੇ ਪੂਰੇ ਯਤਨ ਕਰਦੀ ਹੈ। ਕੁਝ ਇਕ ਹਾਲਾਤਾਂ ਵਿਚ, ਛਾਣ-ਬੀਣ ਕਰਨ ਵਾਲੇ/ਵਾਲੀ ਨੂੰ ਇਹ ਫੈਸਲਾ ਕਰਨਾਂ ਪੈਂਦਾ ਹੈ ਕਿ ਤੁਹਾਡੇ ਬੱਚੇ/ਬੱਚੀ ਦਾ ਇੰਟਰਵਿਊ ਕਰਨ ਤੋਂ ਪਹਿਲਾਂ ਤੁਹਾਡੇ ਨਾਲ ਸੰਪਰਕ ਕਰਨਾਂ ਬੱਚੇ/ਬੱਚੀ ਦੇ ਸਰਵਉੱਤਮ ਹਿੱਤ ਵਿਚ ਹੈ ਜਾਂ ਨਹੀਂ। ਇਕ ਇੰਟਰਵਿਊ ਇਕ ਤੁਹਾਡੇ ਪੂਰਵਕ-ਗਿਆਨ ਤੋਂ ਅਤੇ ਇਕ ਮਾਂ/ਪਿਉ/ਦੇਖ-ਭਾਲ ਕਰਨ ਵਾਲੇ/ਵਾਲੀ ਦੇ ਗਿਆਨ ਤੋਂ ਬਗ਼ੈਰ ਕੀਤਾ ਜਾਏਗਾ ਜੇ:

- ਮਾਪਿਆਂ ਵਿਚੋਂ ਹੀ ਇਕ ਘੋਸ਼ਿਤ ਓਲੰਘਣਾਕਾਰੀ ਹੈ;

- ਇਸ ਗੱਲ ਦੀ ਚਿੰਤਾ ਹੋਏ ਕਿ ਤੁਹਾਡੀ ਮੋਜੂਦਗੀ ਬੱਚੇ/ਬੱਚੀ ਦੀ ਸੁਰੱਖਿਆ ਨੂੰ ਜੋਖਮ ਵਿਚ ਪਾਏਗੀ, ਜਾਂ ਉਸਦੇ ਖ਼ਰੇਪਣ ਨਾਲ ਬੋਲਣ ਉਤੇ ਪ੍ਰਭਾਵ ਪਾਏਗੀ;

- ਦੋਸ਼ਿਤ ਉਲੰਘਣਾਕਾਰ ਟੱਬਰ ਦਾ/ਦੀ ਇਕ ਮੈਂਬਰ ਹੈ ਅਤੇ ਉਹ ਬੱਚੇ/ਬੱਚੀ ਦੇ ਨਾਲ ਪਹਿਲਾਂ ਹੀ ਸੰਪਰਕ ਕਰ ਲਏਗਾ/(ਗੀ);

- ਇਹ ਗਿਆਨ ਹੋਏ ਕਿ ਬੱਚੇ/ਬੱਚੀ ਦਾ/ਦੀ ਮਾਂ/ਪਿਉ ਦੋਸ਼ਿਤ ਉਲੰਘਣਾਕਾਰ ਦੇ ਪੱਖ-ਪਾਤ ਵਿਚ ਹਨ;

- ਇਕ ਮਾਪੇ ਦੇ ਨਾਲ ਸੰਪਰਕ ਨਹੀਂ ਕੀਤਾ ਜਾ ਸਕਦਾ ਅਤੇ ਇਹ ਬੱਚੇ/ਬੱਚੀ ਦੇ ਹਿੱਤ ਵਿਚ ਹੈ ਕਿ ਕਾਰਵਾਈ ਨੂੰ ਤੁਰੰਤ ਅੱਗੇ ਵਧਾਇਆ ਜਾਏ।

ਤੁਹਾਡੇ ਬੱਚੇ/ਬੱਚੀ ਨੂੰ ਪਹਿਲਾਂ ਇਕ ਸਕੂਲ ਜਾਂ ਚਾਇਲਡ ਕੇਅਰ ਦੇ ਵਾਤਾਵਰਣ ਵਿਚ ਮਿਲੇਆ ਜਾਏਗਾ। ਜਦੋਂ ਇਕ ਇੰਟਰਵਿਊ ਸਮਾਪਤ ਹੋ ਜਾਏਗਾ, ਇਹ ਛਾਣ-ਬੀਣ ਟੀਮ ਦੀ ਜ਼ਿੰਮੇਵਾਰੀ ਹੈ ਕਿ ਉਹ ਜਿਨੀਂ ਜਲਦੀ ਸੰਭਵ ਹੋਏ, ਤੁਹਾਨੂੰ ਇੰਟਰਵਿਊ ਦੀ ਬਾਬਤ ਦੱਸਣ।

## ਬੱਚਾ/ਬੱਚੀ ਦੇ ਇੰਟਰਵਿਊ ਦਾ ਸਥਾਨ

ਤੁਹਾਡੇ ਬੱਚੇ/ਬੱਚੀ ਦੇ ਸਦਮੇਂ ਨੂੰ ਘੱਟ ਤੋਂ ਘੱਟ ਕਰਨ ਲਈ ਅਤੇ ਉਸ ਦੀਆਂ ਲੋੜਾਂ ਅਤੇ ਸਰਵਉੱਤਮ ਹਿੱਤਾਂ ਲਈ ਛਾਣ-ਬੀਣ ਟੀਮ ਇੰਟਰਵਿਊ ਨੂੰ ਇਕ ਨਿਰਪੱਖੀ ਸਥਾਨ ਤੇ ਕਰਨ ਦਾ ਹਰ ਯਤਨ ਕਰੇਗੀ।

ਇਕ ਬੱਚੇ/ਬੱਚੀ ਦਾ ਇੰਟਰਵਿਊ ਲੈਣਾਂ ਹੈ ਜਾਂ ਨਹੀਂ, ਇਸਦਾ ਫ਼ੈਸਲਾ ਕਰਦੇ ਸਮੇਂ ਛਾਣ-ਬੀਣ ਕਰਤਾ ਜਿਨ੍ਹਾਂ ਕਾਰਕਾਂ ਦੇ ਉਤੇ ਵਿਚਾਰਦੇ ਹਨ, ਉਨ੍ਹਾਂ ਵਿਚ ਇਹ ਸ਼ਾਮਲ ਹਨ:

• ਇਹ ਭੇਦ ਕਿੱਥੇ ਅਤੇ ਕਿਵੇਂ ਖੁੱਲੇਆ ਸੀ;

• ਉਹ ਸਥਾਨ ਜਿੱਥੇ ਬੱਚਾ/ਬੱਚੀ ਦੇ ਲਈ ਸੁਰੱਖਿਅਤ ਮਹਿਸੂਸ ਕਰਨ ਦੀ ਸੰਭਾਵਨਾਂ ਹੋਏ (ਜਿਵੇਂ ਕਿ, ਉਸ ਸਥਾਨ ਤੋਂ ਪਰਹੇਜ਼ ਕਰਨਾਂ ਜਿੱਥੇ ਦੁਰ-ਵਰਤੋਂ ਵਾਪਰੀ ਸੀ);

• ਦੋਸ਼ਿਤ ਉਲੰਘਣਾਕਾਰ ਦਾ ਅਤਾ-ਪਤਾ;

• ਸ਼ਰੀਰੋਂ ਅਪਾਹਜ ਬੱਚੇ/ਬੱਚੀ ਦੇ ਲਈ ਇਕ ਸੁਖਾਵੀਂ ਪਹੁੰਚ-ਯੋਗ ਸਥਾਨ;

• ਇਕ ਚਲੰਤ ਰਿਕਾਰਡਿੰਗ ਯੰਤਰ ਦੀ ਉਪਲਬਧਤਾ;

• ਇਕ ਬੱਚਾ/ਬੱਚੀ-ਦੋਸਤਾਨਾਂ ਰਿਕਾਰਡਿੰਗ ਸਹੂਲਤੀ-ਸਥਾਨ; ਅਤੇ

• ਇਕ ਯੋਗਤਾ-ਪ੍ਰਾਪਤ ਦੁਭਾਸ਼ਿਏ ਦੀ ਜਾਂ ਇਕ ਵਿਸ਼ੇਸ਼ ਲੋੜਾਂ ਵਾਲੇ ਬੱਚੇ/ਬੱਚੀ ਦੇ ਲਈ ਵਿਸ਼ੇਸ਼ੱਗ ਪੇਸ਼ਾਵਰ ਦੀ ਉਪਲਬਧਤਾ।

## ਇਟੰਰਵਿਊ ਨੂੰ ਰਿਕਾਰਡ ਕਰਨਾ

ਇਹ ਸੰਭਵ ਹੈ ਕਿ ਤੁਹਾਡੇ ਬੱਚੇ/ਬੱਚੀ ਦੇ ਇੰਟਰਵਿਊ/(ਆਂ) ਨੂੰ ਰਿਕਾਰਡ ਕੀਤਾ ਜਾਏ। ਰਿਕਾਰਡ ਕੀਤੇ ਹੋਏ ਬਿਆਨ ਇਕ ਇੰਟਰਵਿਊ ਦਾ ਸਰਵਉੱਤਮ ਸੰਭਵ ਵੇਰਵਾ ਪ੍ਰਦਾਨ ਕਰਦਾ ਹੈ। ਦੂਜੇ ਫ਼ਾਇਦੇਆਂ ਵਿਚ ਇਹ ਕੁਝ ਸ਼ਾਮਲ ਹਨ:

• ਵਾਪਰੀ ਹੋਈ ਘਟਨਾਂ ਦੀ ਬਾਬਤ ਤੁਹਾਡੇ ਬੱਚੇ/ਬੱਚੀ ਦੇ ਵਲੋਂ ਵਾਰੀ ਵਾਰੀ ਪੂਰਾ ਵੇਰਵਾ ਬਿਆਨ ਕਰਨ ਦੀ ਲੋੜ ਤੋਂ ਬਚਾਉ;

• ਸਮਾਂ ਬਤੀਤ ਹੋਣ ਦੇ ਨਾਲ ਨਾਲ ਵੇਰਵੇ ਨੂੰ ਨਾਂ ਯਾਦ ਰੱਖ ਪਾਉਣ ਦੀ ਅਯੋਗਤਾ ਕਰਕੇ ਜ਼ਰੂਰੀ ਜਾਣਕਾਰੀ ਦੇ ਖੋਹ ਜਾਣ ਦੀਆਂ ਘੱਟ ਸੰਭਾਵਨਾਵਾਂ;

• ਸੁਝਾਊ ਪ੍ਰਸ਼ਨਾਂ ਜਾਂ ਸਲਾਹਿਕ ਪ੍ਰਸ਼ਨਾਂ ਦੇ ਬਗ਼ੈਰ ਵਾਪਰੀ ਹੋਈ ਘਟਨਾਂ ਦੀ ਬਾਬਤ ਬੱਚੇ/ਬੱਚੀ ਦੇ ਵਲੋਂ ਉਸਦੇ ਆਪਣੇਂ ਸ਼ਬਦਾਂ ਵਿਚ ਦਿੱਤੇ ਗਏ ਵੇਰਵੇ ਦਾ ਇਕ ਰਿਕਾਰਡ; ਅਤੇ

• ਇਹ ਸੰਭਾਵਨਾਂ ਕਿ ਬਿਆਨ ਦੇ ਵਾਧੇ ਵਿਚ ਤੁਹਾਡੇ ਬੱਚੇ/ਬੱਚੀ ਦੇ ਵਲੋਂ ਦਿੱਤੇ ਗਏ ਇੰਟਰਵਿਊ ਦੀ/ਦੀਆਂ ਰਿਕਾਰਡਿੰਗ/(ਆਂ) ਕਚਹਿਰੀ ਵਿਚ ਪ੍ਰਵੇਸ਼-ਯੋਗ ਹੋਣ, ਵਿਸ਼ੇਸ਼ਤਾ ਨਾਲ ਜਦੋਂ ਕਚਹਿਰੀ ਦੀਆਂ ਕਾਰਵਾਈਆਂ ਨੂੰ ਆਰੰਭ ਕਰਨ ਵਿਚ ਇਕ ਲੰਮੀ ਦੇਰ ਹੋਏ।

ਇਕ ਰਿਕਾਰਡਿੰਗ ਯੰਤਰ ਨੂੰ ਔਨ ਕਰਨ ਤੋਂ ਪਹਿਲਾਂ ਛਾਣ-ਬੀਣ ਟੀਮ ਨੂੰ ਤੁਹਾਡੇ ਬੱਚੇ/ਬੱਚੀ ਅਤੇ ਮਾਪੇ/ਦੇਖ-ਭਾਲ ਕਰਨ ਵਾਲੇ/(ਆਂ) ਦੇ ਨਾਲ ਹੇਠਾਂ ਲਿਖੀਆਂ ਗੱਲਾਂ ਦੀ ਬਾਬਤ ਵਿਚਾਰ-ਵਟਾਂਦਰਾ ਜ਼ਰੂਰ ਕਰਨਾਂ ਚਾਹੀਦਾ ਹੈ:

• ਇਕ ਰਿਕਾਰਡਿੰਗ ਕਾਹਦੇ ਲਈ ਹੈ;

• ਇੰਟਰਵਿਊ ਨੂੰ ਰਿਕਾਰਡ ਕਰਨਾਂ ਇਕ ਚੰਗਾ ਵਿਚਾਰ ਹੈ; ਅਤੇ

• ਇਸ ਤਕ ਕਿਸ ਕਿਸ ਦੀ ਪਹੁੰਚ ਹੈ।

## ਇੰਟਰਵਿਊ ਨੂੰ ਰਿਕਾਰਡ ਕਰਨਾਂ

ਕਈ ਵਾਰੀ ਛਾਣ-ਬੀਣ ਅਧਿਕਾਰੀ ਇਹ ਫ਼ੈਸਲਾ ਕਰਦੇ ਹਨ ਕਿ ਤੁਹਾਡੇ ਬੱਚੇ/ਬੱਚੀ ਦਾ ਇੰਟਰਵਿਊ ਕਰਨਾਂ ਅਨਉਚਿਤ ਹੈ। ਇੰਟਰਵਿਊ ਨੂੰ ਰਿਕਾਰਡ ਕਰਨਾਂ ਹੈ ਜਾਂ ਨਹੀਂ, ਇਹ ਛਾਣ-ਬੀਣ ਟੀਮ ਦੇ ਉਤੇ ਨਿਰਭਰ ਹੈ।

ਇੰਟਰਵਿਊ ਨੂੰ ਰਿਕਾਰਡ ਨਾਂ ਕਰਨ ਦੇ ਕਾਰਣਾਂ ਵਿਚ ਇਹ ਕੁਝ ਸ਼ਾਮਲ ਹਨ:

• ਘਟਨਾਂ ਦੀ ਰਿਕਾਰਡਿੰਗ ਕਰਨੀਂ ਇਕ ਦੂਰ-ਵਰਤਕ ਘਟਨਾਂ/(ਵਾਂ) ਦਾ ਇਕ ਹਿੱਸਾ ਸੀ;

• ਇਕ ਬੱਚਾ/ਬੱਚੀ ਅਤੇ/ਜਾਂ ਮਾਪੇ/ਦੇਖ-ਭਾਲ ਕਰਨ ਵਾਲਾ/(ਲੀ) ਇਸ ਕਾਰਜ-ਪ੍ਰਣਾਲੀ ਉਤੇ ਇਤਰਾਜ਼ ਕਰਦੇ ਹਨ ਅਤੇ ਇਸਦਾ/(ਦੇ) ਪ੍ਰਮਾਣਕ ਕਾਰਣ ਦਿੰਦੇ ਹਨ ਕਿ ਰਿਕਾਰਡਿੰਗ ਕਰਨੀ ਇਸ ਬੱਚੇ/ਬੱਚੀ ਦੀ ਸਰਵਉੱਤਮ ਹਿੱਤਾਂ ਵਿਚ ਕਿਉਂ ਨਹੀਂ ਹੈ;

• ਤੁਹਾਡਾ/(ਡੀ) ਬੱਚਾ/ਬੱਚੀ ਭੇਦ ਖੋਲਣਾਂ ਆਰੰਭ ਕਰਦਾ/(ਦੀ) ਹੈ, ਅਤੇ ਇਸਨੂੰ ਰਿਕਾਰਡ ਕਰਨ ਲਈ ਇਸ ਇੰਟਰਵਿਊ ਨੂੰ ਭੰਗ ਕਰ ਦੇਣਾਂ, ਭੇਦ ਖੋਲਣ ਦੀ ਕਾਰਜ-ਪ੍ਰਣਾਲੀ ਦੇ ਲਈ ਇਕ ਗੰਭੀਰ ਰੁਕਾਵਟ ਬਣ ਜਾਏਗਾ; ਅਤੇ

• ਇਸ ਇੰਟਰਵਿਊ ਦਾ ਸੰਚਾਲਨ ਇਕ ਅਜਿਹੇ ਸਥਾਨ ਤੇ ਕਰਨਾਂ ਪਿਆ ਜਿੱਥੇ ਨਾਂ ਤਾਂ ਰਿਕਾਰਡਿੰਗ ਦੇ ਸਾਧਨ, ਅਤੇ ਨਾਂ ਹੀ ਇਕ ਚਲੰਤ ਯੰਤਰ ਉਪਲਬਧ ਹੈ ਸੀ।

## ਇਕ ਇੰਟਰਵਿਊ ਹੋ ਜਾਣ ਦੇ ਬਾਅਦ

ਤੁਹਾਡੇ ਬੱਚੇ/ਬੱਚੀ ਦਾ ਇੰਟਰਵਿਊ ਹੋ ਜਾਣ ਦੇ ਬਾਅਦ, ਚਾਇਲਡ ਪ੍ਰੋਟੈਕਸ਼ਨ ਵਰਕਰ ਅਤੇ ਪੁਲੀਸ ਇਸ ਇੰਟਰਵਿਊ ਦੀ ਬਾਬਤ ਵਿਚਾਰ-ਵਟਾਂਦਰਾ ਕਰਨ ਗੇ ਅਤੇ ਅਗਾਂਹ ਕੀ ਕੁਝ ਕਰਨਾਂ ਹੈ, ਇਸਦੀ ਬਾਬਤ ਫ਼ੈਸਲੇ ਕਰਨਗੇ, ਜਿਨ੍ਹਾਂ ਵਿਚ ਇਹ ਕੁਝ ਸ਼ਾਮਲ ਹੋ ਸਕਦੇ ਹਨ:

• ਹੋਰ ਇੰਟਰਵਿਊ ਕਰਨ ਦੀ/(ਆਂ) ਲੋੜਾਂ;

• ਜੇ ਕਿਸੇ ਹੋਰ ਜਾਣਕਾਰੀ ਦੀ ਲੋੜ ਹੈ (ਜਿਵੇਂ ਕਿ, ਡਾਕਟਰੀ ਸਲਾਹ-ਮਸ਼ਵਰਾ);

• ਇਹ ਸਲਾਹ-ਮਸ਼ਵਰੇ ਕਰਨੇਂ ਕਿ ਕੀ ਅਪਰਾਧੀ ਦੋਸ਼ ਥੋਪੇ ਜਾਣਗੇ;

• ਜੇ ਇਹ ਜ਼ਰੂਰੀ ਹੈ ਕਿ ਇਸ ਬੱਚੇ/ਬੱਚੀ ਨੂੰ ਹਿਰਾਸਤ (*ਐਪ੍ਰਿਹੈਂਡ*) ਵਿਚ ਲੈ ਲਿਆ ਜਾਏ; ਅਤੇ/ਜਾਂ

• ਬੱਚੇ/ਬੱਚੀ ਦੀ ਸੁਰੱਖਿਆ ਅਤੇ ਬਚਾਉ ਦੀ ਬਾਬਤ ਯੋਜਨਾਂ ਬਣਾਉਣੀਂ (ਵੇਖੋ ਅਧਿਆਇ 5, "ਇਕ ਛਾਣ-ਬੀਣ" ਅਤੇ "ਟੱਬਰੀ ਕਚਹਿਰੀ") ਦੇ ਬਾਅਦ, ਸੀ ਏ ਐਸ ਦੇ ਨਾਲ ਲੈਣ-ਦੇਣ।

ਮਾਪੇ ਅਤੇ ਯੁਵਕ ਇਹ ਆਸ ਕਰਨੀਂ ਪਸੰਦ ਕਰਦੇ ਹਨ ਕਿ ਇਕ ਡਾਕਟਰੀ ਜਾਂਚ ਇਹ ਸਾਬਤ ਕਰ ਦਏਗੀ ਕਿ ਲਿੰਗਕ ਦੁਰ-ਵਰਤੋਂ ਵਾਪਰੀ ਸੀ। ਬਹੁਤੇ ਹਾਲਾਤਾਂ ਵਿਚ ਅਜਿਹਾ ਨਹੀਂ ਹੁੰਦਾ।



## ਡਾਕਟਰੀ ਜਾਂਚ

ਕੀ ਇਕ ਡਾਕਟਰੀ ਜਾਂਚ ਦੀ ਲੋੜ ਹੈ, ਇਹ ਇਕ ਉਲਝਾਉਣ ਵਾਲਾ ਮਾਮਲਾ ਹੈ। ਕਿਉਂਕਿ ਹਰ ਬੱਚਾ/ਬੱਚੀ ਲਿੰਗਕ ਦੁਰ-ਵਰਤੋਂ ਦਾ ਕੇਸ ਬੇ-ਜੋੜ ਹੁੰਦਾ ਹੈ, ਅਜਿਹੀਆਂ ਕਾਰਜ-ਵਿਧਿਆਂ ਹੋਂਦ ਵਿਚ ਨਹੀਂ ਹਨ ਜਿਨ੍ਹਾਂ ਦਾ ਪਾਲਨ ਕੀਤਾ ਜਾਏ।

ਸਭ ਤੋਂ ਉੱਤਮ ਡਾਕਟਰੀ ਕਾਰਵਾਈ ਦੀ ਚੋਣ ਕਰਨ ਲਈ ਹੇਠਾਂ ਲਿਖੀ ਜਾਣਕਾਰੀ ਮਾਰਗ-ਦਰਸ਼ਕ ਪ੍ਰਦਾਨ ਕਰ ਸਕਦੀ ਹੈ। ਛਾਣ-ਬੀਣ ਕਰਨ ਵਾਲੇ ਚਾਇਲਡ ਪ੍ਰੋਟੈਕਸ਼ਨ ਵਰਕਰ ਅਤੇ/ਜਾਂ ਪੁਲੀਸ ਅਧਿਕਾਰੀ ਅਤੇ ਇਕ ਡਾਕਟਰੀ ਅਧਿਕਾਰੀ ਦੇ ਨਾਲ ਸਲਾਹ-ਮਸ਼ਵਰੇ ਰਾਹੀਂ ਵੀ ਮਾਰਗ-ਦਰਸ਼ਕ ਪ੍ਰਦਾਨ ਕਰ ਸਕਦੇ ਹਨ। ਕਿਸੇ ਵੀ ਡਾਕਟਰੀ ਹਾਲਤ ਵਿਚ, ਮਾਪੇ ਅਤੇ ਬੱਚਿਆਂ/ਯੁਵਕਾਂ ਕੋਲ ਪ੍ਰਸ਼ਨ ਪੁੱਛਣ ਦੇ ਅਧਿਕਾਰ ਹਨ।

*ਚਾਇਲਡ ਐਂਡ ਫ਼ੈਮਲੀ ਸਰਵਸਸ ਐਕਟ* ਦੇ ਅਧੀਨ ਇਕ ਡਾਕਟਰੀ ਜਾਂਚ ਕਰਨ ਲਈ, ਜੇ ਮਾਪਿਆਂ ਕੋਲੋਂ ਸਹਿਮਤੀ ਨਹੀਂ ਲਈ ਗਈ ਤਾਂ ਇਕ ਬੱਚੇ/ਬੱਚੀ ਨੂੰ ਹਿਰਾਸਤ ਵਿਚ ਲਿਆ ਜਾ ਸਕਦਾ ਹੈ। ਜੇ ਮਾਪਿਆਂ ਦੀ ਸਹਿਮਤੀ ਦੇ ਬਗ਼ੈਰ ਇਲਾਜ ਦੀ ਲੋੜ ਹੈ ਤਾਂ ਇਕ ਡਾਕਟਰ ਕੇਵਲ ਤਾਂ ਹੀ ਇਲਾਜ ਲਈ ਅਗਾਂਹ ਵਧੇਗਾ/(ਗੀ) ਜੇ ਇਹ ਇਕ ਮੈਡੀਕਲ ਐਮਰਜੈਂਸੀ ਹੋਏਗੀ। ਬਾਕੀ ਸਾਰੇ ਹਾਲਾਤਾਂ ਵਿਚ *ਚਾਇਲਡ ਐਂਡ ਫ਼ੈਮਲੀ ਸਰਵਸਸ ਐਕਟ* ਦੇ ਅਧੀਨ ਇਕ ਕਚਹਿਰੀ ਦਾ ਹੁਕਮ-ਨਾਮਾ ਲੋੜੀਂਦਾ ਹੋਏਗਾ।

ਕਈ ਹਸਪਤਾਲਾਂ ਵਿਚ ਲਿੰਗਕ ਦੁਰ-ਵਰਤੋਂ ਭੁਗਤਣ ਵਾਲੇ ਬੱਚਿਆਂ ਅਤੇ ਯੁਵਕਾਂ ਦੀ ਸਾਂਭ-ਸੰਭਾਲ, ਸਹਾਇਤਾ-ਬਲ ਅਤੇ ਮੁੱਲਾਂਕਣ ਪੇਸ਼ ਕਰਨ ਲਈ ਵਿਸ਼ੇਸ਼ੱਗ ਪ੍ਰੋਗਰਾਮ ਹਨ। ਉਦਾਹਰਣ ਲਈ, ਟੋਰਾਂਟੋ ਵਿਚ ਹੋਸਪਿਟਲ ਫੋਰ ਸਿੱਕ ਕਿੱਡਸ ਵਿਚ ਇਕ ਸੱਸਪੈਕਟੈਡ ਚਾਇਲਡ ਐਬਿਊਜ਼ ਐਂਡ ਨਿਗਲੈੱਕਟ (ਐਸ ਸੀ ਏ ਐਨ) ਪ੍ਰੋਗਰਾਮ ਹੈ।

### ਤੁਰੰਤ ਡਾਕਟਰੀ ਜਾਂਚ ਕਰਨ ਦੀ ਲੋੜ ਦੇ ਹਾਲਾਤ

ਇਕ ਤੁਰੰਤ ਡਾਕਟਰੀ ਜਾਂਚ ਦੀ ਸਲਾਹ ਦਿੱਤੀ ਜਾਂਦੀ ਹੈ ਜੇ:

• ਤੁਹਾਡੇ ਬੱਚੇ/ਬੱਚੀ ਨੂੰ ਸੱਟ/ਜ਼ਖ਼ਮ ਹੋਏ ਹਨ;

• ਤੁਹਾਡੇ ਬੱਚੇ ਨੂੰ ਸ਼ਰੀਰਕ ਨੁਕਸ ਹਨ (ਜਿਵੇਂ ਕਿ, ਪੀੜ, ਲਹੂ ਬਹਿਣਾਂ);

• ਥੋੜਾ ਹੀ ਸਮਾਂ ਪਹਿਲਾਂ ਇਕ ਗੁਦਾ, ਯੋਨੀ ਦੇ ਵਿਚ ਮੌਖਿਕ ਪ੍ਰਵੇਸ਼ ਕੀਤਾ ਜਾਂ ਪ੍ਰਵੇਸ਼ ਕਰਨ ਦੇ ਯਤਨ ਕੀਤੇ ਗਏ;

• ਹੋਰ ਡਾਕਟਰੀ ਚਿੰਤਾਵਾਂ ਹੈ ਹਨ (ਜਿਵੇਂ ਕਿ, ਗਰਭ, ਲਿੰਗਕ ਕ੍ਰਿਆਵਾਂ ਰਾਹੀਂ ਸੰਚਾਰ ਹੋਏ ਛੂਤ ਦੇ ਰੋਗ);

• ਤੁਹਾਡਾ ਬੱਚਾ/ਬੱਚੀ ਅਤੇ/ਜਾਂ ਟੱਬਰ ਇਕ ਸੰਕਟ-ਕਾਲ ਵਿਚ ਹਨ; ਅਤੇ/ਜਾਂ

• *ਫ਼ਰੈਂਸਿਕ ਸਬੂਤਾਂ* ਲਈ ਸੰਕੇਤ ਕੀਤਾ ਗਿਆ ਹੈ।

ਇਕ ਡਾਕਟਰੀ ਜਾਂਚ ਤੋਂ ਫ਼ਰੈਂਸਿਕ ਸਬੂਤਾਂ ਨੂੰ ਇਕੱਠੇਆਂ ਕਰਨ ਦਾ ਸਭ ਤੋਂ ਉੱਤਮ ਅਵਸਰ ਉਸ ਵੇਲੇ ਵਾਪਰਦਾ ਹੈ ਜਦੋਂ ਇਕ ਘਟਨਾਂ ਵਾਪਰਣ ਦੇ ਬਾਅਦ ਇਕ ਬੱਚੇ/ਬੱਚੀ ਨੇਂ ਨਹਾਇਆ ਨਹੀਂ, ਗੁਸਲਖਾਨੇਂ ਨਹੀਂ ਗਿਆ/ਗਈ ਜਾਂ ਕੱਪੜੇ ਨਹੀਂ ਬਦਲੇ।

ਅਕਸਰ ਮਾਪੇ ਅਤੇ ਯੁਵਕ ਇਹ ਆਸ ਰੱਖਦੇ ਹਨ ਕਿ ਇਕ ਡਾਕਟਰੀ ਜਾਂਚ ਇਹ ਸਾਬਤ ਕਰ ਦਏ ਗੀ ਕਿ ਇਕ ਲਿੰਗਕ ਦੁਰ-ਵਰਤੋਂ ਵਾਪਰੀ ਸੀ। ਇਸਦੇ ਹੁੰਦੇਆਂ ਵੀ ਕਿ ਤੁਸੀ ਅਤੇ ਤੁਹਾਡਾ ਬੱਚਾ/ਬੱਚੀ ਇਨ੍ਹਾਂ ਕਦਮਾਂ ਦਾ ਪਾਲਨ ਕਰਦੇ ਹੋ, ਕੇਵਲ ਥੋੜੀਆਂ ਡਾਕਟਰੀ ਜਾਂਚਾਂ ਤੋਂ ਫ਼ਰੈਂਸਿਕ ਸਬੂਤ ਦੇ ਭਾਲੇ ਹੋਏ ਨਤੀਜੇ ਇਹ ਸਾਬਤ ਕਰਦੇ ਹਨ ਕਿ ਅਪਰਾਧ ਵਾਪਰੇਆ ਸੀ।

### ਅਜਿਹੇ ਹਾਲਾਤ ਜਿਨ੍ਹਾਂ ਵਿਚ ਤੁਰੰਤ ਡਾਕਟਰੀ ਜਾਂਚ ਦੀ ਲੋੜ ਨਹੀਂ ਹੁੰਦੀ

ਤੁਹਾਡੇ ਬੱਚੇ/ਬੱਚੀ ਦੀ ਜਾਂਚ ਇਕ ਟੱਬਰੀ ਫ਼ੀਜ਼ੀਸ਼ਿਅਨ ਕਰ ਸਕਦਾ/(ਦੀ) ਹੈ ਜੇਕਰ:

• ਤੁਹਾਡੇ ਬੱਚੇ/ਬੱਚੀ/ਟੱਬਰ ਨੂੰ ਮੁੜ ਭਰੋਸੇ ਦੀ ਲੋੜ ਹੈ;

• ਫ਼ਰੈਂਸਿਕ ਸਬੂਤ ਦੀ ਸੰਭਾਵਨਾਂ ਨਹੀਂ;

• ਤੁਹਾਡੇ ਬੱਚੇ/ਬੱਚੀ ਨੂੰ ਵਰਤਮਾਨ ਸੱਟ/ਜ਼ਖ਼ਮ ਨਹੀਂ ਹਨ; ਅਤੇ/ਜਾਂ

• ਕੋਈ ਵਿਸ਼ਿਸ਼ਟ ਡਾਕਟਰੀ ਚਿੰਤਾਵਾਂ ਜਾਂ ਰੋਗ-ਲੱਛਣ ਨਹੀਂ ਹਨ।

ਅਜਿਹੀ ਕੋਈ ਵੀ ਡਾਕਟਰੀ ਜਾਂਚ ਜੋ ਇਕ ਸਪੱਸ਼ਟ ਸਬੂਤ ਨਹੀਂ ਪ੍ਰਦਾਨ ਕਰਦੀ ਇਕ ਲਿੰਗਕ ਦੁਰ-ਵਰਤੋਂ ਵਾਪਰੀ ਹੈ, ਇਸਦਾ ਇਹ ਮਤਲਬ ਨਹੀਂ ਹੈ ਕਿ ਦੁਰ-ਵਰਤੋਂ ਵਾਪਰੀ ਹੀ ਨਹੀਂ। ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਇਕ ਡਾਕਟਰੀ ਜਾਂਚ ਦੇ ਸਿੱਟੇ ਵਜੋਂ ਇਕ ਨਿਰਣਈ ਲੱਭਤ ਕਰਨ ਲਈ ਕਾਫ਼ੀ ਜਾਣਕਾਰੀ ਨਹੀਂ ਮਿਲ ਸਕੀ।

5

## ਇਕ ਬੱਚੇ/ਬੱਚੀ ਦੀ ਸੁਰੱਖਿਆ ਦੀ ਬਾਬਤ ਛਾਣ-ਬੀਣ ਦੇ ਸਿੱਟੇ

ਇਕ *ਚਿਲਡਰੰਸ ਏਡ ਸੋਸਾਇਟੀ* (ਸੀ ਏ ਐਸ) ਦਾ ਪਾਤਰ ਇਹ ਨਿਸ਼ਚਿਤ ਕਰਨਾਂ ਹੈ ਕਿ ਬੱਚਾ/ਬੱਚੀ ਸੁਰੱਖਿਅਤ ਅਤੇ ਬਚਾਉ ਵਿਚ ਹੈ। ਦੀ ਚਾਇਲਡ ਪ੍ਰੋਟੈਕਸ਼ਨ ਵਰਕਰ ਇਹ ਮੁੱਲਾਂਕਣ ਕਰੇਗਾ/(ਗੀ) ਕਿ ਕੀ ਇਕ ਮਾਂ/ਪਿਉ/ ਦੇਖ-ਭਾਲ ਕਰਨ ਵਾਲਾ/ਬਾਲੀ ਬੱਚੇ/ਬੱਚੀ ਨੂੰ ਸੁਰੱਖਿਆ ਅਤੇ ਸਹਾਇਤਾ-ਬਲ ਦੇ ਸਕਦਾ/(ਦੀ) ਹੈ ਜਾਂ ਨਹੀਂ।

ਜੇ ਛਾਣ-ਬੀਣ ਇਹ ਜਾਣ ਲੈਂਦੀ ਹੈ ਕਿ ਇਕ ਬੱਚੇ/ਬੱਚੀ ਦੀ ਦੁਰ-ਵਰਤੋਂ ਕੀਤੀ ਗਈ ਹੈ ਅਤੇ ਹੋਰ ਦੁਰ-ਵਰਤੋਂ ਕੀਤੇ ਜਾਣ ਦੇ ਜੋਖਮ ਵਿਚ ਹੈ ਤਾਂ ਉਸ ਬੱਚੇ/ਬੱਚੀ ਦੀ ਸੁਰੱਖਿਆ ਕਰਨ ਲਈ ਸੀ ਏ ਐਸ ਤੁਰੰਤ ਕਾਰਵਾਈ ਕਰੇਗੀ (ਜਿਵੇਂ ਕਿ, ਪੁਲੀਸ ਦੇ ਨਾਲ ਮਿਲਕੇ ਦੋਸ਼ਿਤ ਉਲੰਘਣਾਕਾਰ ਨੂੰ ਦੂਰ ਕਰਨ ਦੇ ਯਤਨ ਕਰਨਾਂ, ਕਚਹਿਰੀ ਕੋਲੋਂ ਢੁਕਵੀਆਂ ਸ਼ਰਤਾਂ ਸਮੇਤ ਨਿਗਰਾਨੀਂ ਦੇ ਆਦੇਸ਼ ਦੀ ਮੰਗ ਕਰਨਾਂ)।

ਇਕ ਬੱਚਾ/ਬੱਚੀ ਸੁਰੱਖਿਆ ਛਾਣ-ਬੀਣ ਕਰਨ ਦੀਆਂ ਦੋ ਸੰਭਵ ਲੱਭਤਾਂ ਹੁੰਦੀਆਂ ਹਨ। ਇਕ ਦੋਸ਼ ਨੂੰ ਪ੍ਰਮਾਣਿਤ (ਵੈਰੀਫਾਈ) ਕੀਤਾ ਜਾ ਸਕਦਾ ਹੈ, ਜਾਂ ਪ੍ਰਮਾਣਿਤ ਨਹੀ ਕੀਤਾ ਜਾ ਸਕਦਾ।

ਇਕ ਲਿੰਗਕ ਦੁਰ-ਵਰਤੋਂ ਨੂੰ ਪ੍ਰਮਾਣਿਤ ਕਰਨ ਦਾ ਮਤਲਬ ਹੈ ਕਿ ਸਾਰੇ ਸੱਚ-ਸਬੂਤਾਂ ਦੇ ਅਧਾਰ ਦੇ ਉਤੇ, ਇਕ ਦੁਰ-ਵਰਤੋਂ ਦੇ ਵਾਪਰਣ ਦੀ ਸੰਭਾਵਨਾਂ ਹੈ, ਜਾਂ ਕਿ ਨਾਂ ਵਾਪਰਣ ਦੀ। ਇਹ ਫ਼ੈਸਲਾ ਕਰਨ ਲਈ ਕਿ ਕੀ ਲਾਏ ਗਏ ਦੋਸ਼ ਪ੍ਰਮਾਣਕ ਹੈ ਹਨ, ਛਾਣ-ਬੀਣ ਦੇ ਅਧਿਕਾਰੀਆਂ ਦੇ ਲਈ ਇਹ ਜ਼ਰੂਰੀ ਹੈ ਕਿ ਉਹ ਛਾਣ-ਬੀਣ ਦੇ ਦੌਰਾਨ ਇਕੱਠੀ ਕੀਤੀ ਹੋਈ ਸਾਰੀ ਜਾਣਕਾਰੀ ਅਤੇ ਸੱਚ-ਸਬੂਤਾਂ ਦੇ ਉਤੇ ਸਾਵਧਾਨੀ ਨਾਲ ਵਿਚਾਰ ਕਰਨ।

ਛਾਣ-ਬੀਣ ਦੇ ਸਿੱਟੇ ਵਜੋਂ ਦਿੱਤੇ ਗਏ ਕਾਰਣਾਂ ਨੂੰ ਸਾਵਧਾਨੀਂ ਨਾਲ ਸੁਣੋਂ। ਜੇ ਸਿੱਟੇਆਂ ਦੀ ਬਾਬਤ ਤੁਹਾਡੇ ਕੋਲ ਕੁਝ ਪ੍ਰਸ਼ਨ ਹੈ ਹਨ ਤਾਂ ਤੁਹਾਡੇ ਕੋਲ ਚਾਇਲਡ ਪ੍ਰੋਟੈਕਸ਼ਨ ਵਰਕਰ ਦੇ ਕੋਲੋਂ, ਜਾਂ ਉਸਦੇ/(ਦੀ) ਨਿਰੀਖਕ਼ ਨੂੰ ਕਿਸੇ ਇਕ ਗੱਲ ਦੀ ਵਿਆਖਿਆ-ਕਰਣ ਲਈ ਪੁੱਛ ਸਕਦੇ ਹੋ। ਤੁਸੀ ਸ਼ਾਇਦ ਇਕ ਵਕੀਲ ਦੇ ਨਾਲ ਸਲਾਹ-ਮਸ਼ਵਰਾ ਵੀ ਕਰਨਾਂ ਚਾਹੋਗੇ।

ਇਹ ਲੱਭਤ ਪਾਈ ਜਾਣੀਂ ਕਿ ਇਹ 'ਪ੍ਰਮਾਣਤ ਨਹੀਂ' ਹੈ, ਦਾ ਮਤਲਬ ਇਹ ਨਹੀਂ ਹੈ ਕਿ ਬੱਚੇ/ਬੱਚੀ ਦਾ/ਦੀ ਛਾਣ-ਬੀਣ ਕਰਤਾ ਇਹ ਸੋਚਦਾ/(ਦੀ) ਹੈ ਕਿ ਤੁਹਾਡੇ ਬੱਚੇ/ਬੱਚੀ ਨੇਂ ਝੂਠ ਬੋਲੇਆ ਸੀ। ਹੇਠਾਂ ਲਿਖੇਆਂ ਦੇ ਵਿਚੋਂ ਇਕ ਜਾਂ ਇਕ ਤੋਂ ਵੱਧ ਕਾਰਣ ਸ਼ਾਇਦ ਇਹ ਹੋਣ ਕਿ ਇਸ ਦੁਰ-ਵਰਤੋਂ ਨੂੰ ਪ੍ਰਮਾਣਤ ਕਿਉਂ ਨਹੀਂ ਕੀਤਾ ਗਿਆ ਹੈ:

• ਇਹ ਸੰਭਵਾਵਨਾਂ ਕਿ ਤੁਹਾਡੇ ਬੱਚੇ/ਬੱਚੀ ਦੇ ਨਾਲ ਇਹ ਲਿੰਗਕ ਦੁਰ-ਵਰਤੋਂ ਵਾਪਰੀ ਹੀ ਨਹੀਂ ਹੈ;

• ਤੁਹਾਡੇ ਬੱਚੇ/ਬੱਚੀ ਦੇ ਵਤੀਰੇ ਅਤੇ/ਜਾਂ ਇਕ ਭੇਤ ਖੋਲਣ ਦੀ ਕੋਈ ਹੋਰ ਵਿਆਖਿਆ ਵੀ ਹੋ ਸਕਦੀ ਹੈ;

• ਇਕ ਦੋਸ਼ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਬੂਤ ਵਿਚ ਘਾਟ, ਬੇਮੇਲੀ ਜਾਂ ਮਲੀਨਤਾ ਸੀ (ਜਿਵੇਂ ਕਿ, ਕਿਸੇ ਹੋਰ ਕਾਰਕ ਵਜੋਂ ਪ੍ਰਭਾਵਿਤ); ਅਤੇ/ਜਾਂ

• ਤੁਹਾਡਾ/(ਡੀ) ਬੱਚਾ/ਬੱਚੀ ਵਾਪਰੀ ਹੋਈ ਘਟਨਾਂ ਦੀ ਬਾਬਤ ਸੰਚਾਰ ਕਰਨ ਦੇ ਅਯੋਗ ਸੀ। (ਵੇਖੋ ਅਧਿਆਇ 2, "ਬੱਚੇ ਕਦੋਂ ਅਤੇ ਕਿਵੇਂ ਦੱਸਦੇ ਹਨ")।

## ਇਕ ਛਾਣ-ਬੀਣ ਦੇ ਬਾਅਦ ਸੀ ਏ ਐਸ ਦੇ ਨਾਲ ਲੈਣ-ਦੇਣ

ਇਕ ਬੱਚਾ/ਬੱਚੀ ਦੀ ਸੁਰੱਖਿਆ ਦੀ ਬਾਬਤ ਭਾਵੇਂ ਕੋਈ ਵੀ ਲੱਭਤ ਕਿਉਂ ਨਾਂ ਹੋਏ, ਦੀ ਚਾਇਲਡ ਪ੍ਰੋਟੈਕਸ਼ਨ ਵਰਕਰ ਤੁਹਾਨੂੰ ਤੁਹਾਡੀ ਕਮਿਉਨਿਟੀ ਵਿਚ ਇਕ ਸਹਾਇਤਾ-ਬਲ ਸੇਵਾ ਦੇ ਕੋਲ ਜਾਣ ਦੀ ਸਿਫ਼ਾਰਿਸ਼ ਕਰ ਸਕਦਾ/(ਦੀ) ਹੈ।

ਜੇ ਇਹ ਫ਼ੈਸਲਾ ਕੀਤਾ ਗਿਆ ਕਿ ਇਹ ਤੁਹਾਡੇ ਬੱਚੇ/ਬੱਚੀ ਦੇ ਸਰਵਉੱਤਮ ਹਿੱਤਾਂ ਵਿਚ ਹੈ ਕਿ ਇਕ ਛਾਣ-ਬੀਣ ਦੇ ਬਾਅਦ ਵੀ ਇਕ ਸੀ ਏ ਐਸ ਤੁਹਾਡੇ ਟੱਬਰ ਦੇ ਨਾਲ ਲੈਣ-ਦੇਣ ਨੂੰ ਜਾਰੀ ਰੱਖ ਸਕਦੀ ਹੈ। ਅਜਿਹਾ ਫ਼ੈਸਲਾ ਸਾਰੇ ਉਪਲਬਧ ਸੱਚ-ਸਬੂਤਾਂ ਦੇ ਅਧਾਰ ਉਤੇ ਕੀਤਾ ਜਾਂਦਾ ਹੈ। ਇਹ ਜ਼ਰੂਰੀ ਨਹੀਂ ਹੈ ਕਿ ਇਹ *ਇਕ ਸੰਤੁਲਿਤ ਸ਼ੱਕ ਤੋਂ ਵਧੇਰੇ ਸਬੂਤ* (*ਪਰੂਫ਼ ਬਿਓਂਡ ਏ ਰੀਜ਼ਨੇਬਲ ਡਾਉਟ*) ਦੇ ਸਿੱਟੇ ਦੇ ਅਧਾਰ ਉਤੇ ਹੋਏ, ਜਿਵੇਂ ਕਿ ਇਕ ਅਪਰਾਧੀ ਕਚਹਿਰੀ ਵਿਚ।

ਇਸਦੇ ਵਿਪਰੀਤ, ਇਹ ਸਿੱਟਾ ਉਨ੍ਹਾਂ ਸੱਚ-ਸਬੂਤਾਂ ਦੇ ਅਧਾਰ ਉਤੇ ਹੋਣਾਂ ਚਾਹੀਦਾ ਹੈ ਜੋ ਇਹ ਦਿਖਾਉਣ ਕਿ ਇਕ ਸੰਤੁਲਿਤ ਸੰਭਾਵਨਾਂ ਜਾਂ ਵਾਪਰਣ-ਯੋਗਤਾ ਹੈ (ਵਾਪਰਣ-ਯੋਗਤਾ ਦਾ ਸੰਤੁਲਨ) ਕਿ ਇਕ ਦੁਰ-ਵਰਤੋਂ ਵਾਪਰੀ ਸੀ ਜਾਂ ਵਾਪਰ ਸਕਦੀ ਹੈ।

ਸੀ ਏ ਐਸ ਦੇ ਵਲੋਂ ਵਿਚਾਰਣ ਵਾਲੇ ਕਾਰਕਾਂ ਦੀਆਂ ਹੇਠਾਂ ਕੁਝ ਇਕ ਉਧਾਹਰਣਾਂ ਹਨ ਜਿਨ੍ਹਾਂ ਤੋਂ ਉਹ ਇਕ ਟੱਬਰ ਦੇ ਨਾਲ ਲੈਣ-ਦੇਣ ਨੂੰ ਜਾਰੀ ਰੱਖਣ ਦੀ ਬਾਬਤ ਫ਼ੈਸਲਾ ਕਰਦੇ ਹਨ:

• ਤੁਹਾਡੇ ਬੱਚੇ/ਬੱਚੀ ਦੀ ਦੁਰ-ਵਰਤੋਂ ਇਕ ਪਿਉ/ਮਾਂ ਜਾਂ ਇਕ ਸੱਕ ਟੱਬਰੀ ਮੈਂਬਰ ਨੇਂ ਕੀਤੀ ਹੈ ਅਤੇ ਉਹ ਫੇਰ ਦੁਰ-ਵਰਤੋਂ ਦੇ ਵਾਪਰਣ ਦੇ ਜੋਖਮ ਵਿਚ ਹੈ।

• ਤੁਹਾਡੇ ਬੱਚੇ/ਬੱਚੀ ਦੀ ਦੁਰ-ਵਰਤੋਂ ਇਕ ਟੱਬਰ ਤੋਂ ਬਾਹਰਲੇ/(ਲੀ) ਨੇਂ ਕੀਤੀ ਹੈ ਅਤੇ ਇਹ ਵਿਸ਼ਵਾਸ ਕਰਨ ਦਾ ਇਕ ਕਾਰਣ ਹੈ ਕਿ ਇਕ ਪਿਉ/ਮਾਂ ਨੇਂ ਸਿੱਧੇਆਂ ਹੀ ਇਸ ਦੁਰ-ਵਰਤੋਂ ਵਿਚ ਯੋਗਦਾਨ ਦਿੱਤਾ ਸੀ, ਜਾਂ ਇਕ ਪਿਉ/ਮਾਂ ਦਾ ਤੌਰ-ਤਰੀਕਾ ਅਤੇ ਵਤੀਰਾ ਬੱਚੇ/ਬੱਚੀ ਨੂੰ ਜੋਖਮ ਵਿਚ ਛੱਡਦਾ ਹੈ (ਜਿਵੇਂ ਕਿ, ਇਕ ਪਿਉ/ਮਾਂ ਬੱਚੇ/ਬੱਚੀ ਦੇ ਉਤੇ ਵਿਸ਼ਵਾਸ ਨਹੀਂ ਕਰਦਾ/(ਦੀ)।

• ਇਕ ਦੋਸ਼ਿਤ ਉਲੰਘਣਾਕਾਰ ਅਤੇ ਬੱਚੇ/ਬੱਚੀ ਦੇ ਵਿਚਾਲੇ ਇਕ ਰਿਸ਼ਤਾ-ਸਬੰਧ ਹੈ, ਵਿਸ਼ੇਸ਼ਤਾ ਨਾਲ, ਜਦੋਂ ਇਕ ਪਿਉ/ਮਾਂ/ਦੇਖ-ਭਾਲ ਕਰਨ ਵਾਲਾ/ਵਾਲੀ ਉਨ੍ਹਾਂ ਦੇ ਵਿਚਾਲੇ ਸੰਪਰਕ ਦੀ ਪ੍ਰਵਾਨਗੀ ਦਿੰਦਾ/ਦਿੰਦੀ ਹੈ।

• ਇਕ ਦੋਸ਼ਿਤ ਉਲੰਘਣਾਕਾਰ ਦੇ ਕੋਲ ਦੂਜੇ ਬੱਚਿਆਂ ਤਕ ਪਹੁੰਚ ਹੋ ਸਕਦੀ ਹੈ, ਜਿਨ੍ਹਾਂ ਵਿਚ ਤੁਹਾਡੇ ਬੱਚੇ/ਬੱਚੀ ਦੇ ਭੇਣ-ਭਾਈ ਸ਼ਾਮਲ ਹਨ।

• ਦੋਸ਼ਿਤ ਉਲੰਘਣਾਕਾਰ ਲਿੰਗਕ ਦੁਰ-ਵਰਤੋਂ ਦੇ ਸਬੰਧ ਵਿਚ ਪਹਿਲਾਂ ਵੀ ਦੋਸ਼-ਸਿੱਧੀ/(ਆਂ) ਭੁਗਤ ਚੁਕਿਆ/ਚੁਕੀ ਹੈ।

## ਟੱਬਰੀ ਕਚਹਿਰੀ

ਇਕ ਸੀ ਏ ਐਸ ਟੱਬਰਾਂ ਦੇ ਨਾਲ ਇਕ ਵਾਲੰਟੀਅਰ ਅਧਾਰ ਤੇ ਕੰਮ-ਕਾਜ ਕਰਦੀ ਹੈ। ਫੇਰ ਵੀ, ਜੇ ਇਕ ਕਚਹਿਰੀ ਇਹ ਲੱਭਤ ਪਾਉਂਦੀ ਹੈ ਕਿ ਬੱਚੇ/ਬੱਚੀ ਨੂੰ *ਚਾਇਲਡ ਐਂਡ ਫ਼ੈਮਲੀ ਸਰਵਸਸ ਐਕਟ* ਦੇ ਅਧੀਨ "ਇਕ ਸੁਰੱਖਿਆ ਦੀ ਲੋੜ" ਹੈ ਤਾਂ ਸੀ ਏ ਐਸ ਅਗਾਂਹ ਕਾਰਵਾਈ ਕਰਦੇ ਹੋਇਆਂ ਤੁਹਾਡੇ ਬੱਚੇ/ਬੱਚੀ, ਅਤੇ ਉਸਦੇ ਭੈਣ-ਭਾਈਆਂ, ਅਤੇ/ਜਾਂ ਹੋਰ ਬੱਚਿਆਂ ਨੂੰ ਸੁਰੱਖਿਆ ਵਿਚ ਲੈ ਸਕਦੀ ਹੈ।

ਇਕ ਬੱਚਾ/ਬੱਚੀ ਸੁਰੱਖਿਆ ਲਈ ਕਾਨੂੰਨੀਂ ਕਾਰਵਾਈਆਂ ਨੂੰ ਆਰੰਭ ਕਰਨ ਦਾ ਫ਼ੈਸਲਾ ਕਰਨ ਲਈ ਇਕ ਅਪਰਾਧੀ ਦੋਸ਼ ਲਾਏਆ ਜਾਣਾਂ ਜਾਂ ਨਾਂ ਲਾਏਆ ਜਾਣਾਂ ਇਕ ਕਾਰਕ ਨਹੀਂ ਹੈ। ਇਹ ਨਿਸਚਾ ਕਰਨਾਂ ਕਿ ਕੀ ਇਕ ਬੱਚਾ/ਬੱਚੀ ਇਕ ਸੁਰੱਖਿਆ ਦੀ ਲੋੜ ਵਿਚ ਹੈ ਜਾਂ ਨਹੀ, ਦਾ ਫ਼ੈਸਲਾ ਇਕ ਅਪਰਾਧੀ ਕਾਰਵਾਈ ਤੋਂ ਅੱਡ ਹੈ।

ਜੇ ਸੀ ਏ ਐਸ ਨੂੰ ਤੁਹਾਡੇ ਬੱਚੇ/ਬੱਚੀ ਦੀ ਸੁਰੱਖਿਆ ਦੀ ਬਾਬਤ ਚਿੰਤਾਵਾਂ ਹੈ ਹਨ ਅਤੇ ਇਕ ਸਵੈ-ਇੱਛਤ ਰਜ਼ਾਮੰਦੀ ਸੰਭਵ ਨਹੀ ਹੁੰਦੀ, ਤਾਂ ਸੀ ਏ ਐਸ ਇਸਦੀ ਬਾਬਤ ਇਕ ਕਚਹਿਰੀ ਦੇ ਕੋਲ ਜਾ ਸਕਦੀ ਹੈ।

ਅਜਿਹੀਆਂ ਕਾਰਵਾਈਆਂ ਜਿਨ੍ਹਾਂ ਦੀ ਬਾਬਤ ਇਹ ਅਨੁਮਤੀ ਦੀ ਭਾਲ ਕਰ ਸਕਦੀ ਹੈ, ਵਿਚ ਇਹ ਸ਼ਾਮਲ ਹਨ:

• ਦੋਸ਼ਿਤ ਉਲੰਘਣਾਕਾਰ ਦੀ ਜੋਖਮ ਵਿਚ ਪਏ ਹੋਏ ਉਸਦੇ ਆਪਣੇਂ ਬੱਚਿਆਂ, ਅਤੇ/ਜਾਂ ਕੋਈ ਵੀ ਬੱਚਿਆਂ ਤਕ ਪਹੁੰਚ ਵਿਚ ਰੁਕਾਵਟ;

• ਤੁਹਾਡੇ ਬੱਚੇ/ਬੱਚੀ, ਦੋਸ਼ਿਤ ਉਲੰਘਣਾਕਾਰ ਅਤੇ/ਜਾਂ ਮਾਂ/ਪਿਉ ਦੇ ਡਾਕਟਰੀ ਮੁੱਲਾਂਕਣ ਕਰਵਾਉਣੇਂ;

• ਇਕ ਦੋਸ਼ਿਤ ਉਲੰਘਣਾਕਾਰ ਲਈ ਇਲਾਜ ਜਾਂ ਸਲਾਹ-ਮਸ਼ਵਰੇ ਲਈ ਮੰਗ ਕਰਨੀਂ।

ਬੱਚਾ/ਬੱਚੀ ਅਤੇ/ਜਾਂ ਇਕ ਸਹਿਬੱਧ ਮਾਂ/ਪਿਉ ( ਇਹ ਅਜਿਹੀ/(ਹਾ) ਮਾਂ/ਪਿਉ ਹੈ ਜਿਸ ਦੇ ਉਤੇ ਬੱਚੇ/ਬੱਚੀ ਦੀ ਦੁਰ-ਵਰਤੋਂ ਕਰਨ ਦਾ ਸ਼ੱਕ ਨਹੀਂ ਹੈ ਅਤੇ ਉਹ ਬੱਚੇ/ਬੱਚੀ ਦੀ ਸਹਾਇਤਾ-ਬਲ ਕਰਦੀ/(ਦਾ) ਹੈ)।

• ਇਕ ਉਲੰਘਣਾਕਾਰ ਦਾ ਟੱਬਰ ਦੇ ਵਿਚ ਮੁੜ-ਪਰਿਚੈ ਕਰਵਾਉਣ ਦੀ ਕਾਰਜ-ਪ੍ਰਣਾਲੀ ਨੂੰ ਵਿਕਾਸਿਤ ਕਰਨਾਂ (ਜੇ ਇਕ ਉਲੰਘਣਾਕਾਰ ਨੂੰ ਆਪਣੇਂ ਟੱਬਰ ਤੋਂ ਅੱਡ ਕਰ ਦਿੱਤਾ ਗਿਆ ਸੀ, ਜਾਂ ਇਕ ਕੈਦ ਵਿਚ ਸੀ), ਤੁਹਾਡੇ ਬੱਚੇ/ਬੱਚੀ ਅਤੇ ਟੱਬਰ ਦੇ ਦੂਜੇ ਮੈਂਬਰਾਂ ਦੀਆਂ ਇੱਛਾਵਾਂ ਦੇ ਉਤੇ ਵਿਚਾਰ ਕਰਨਾਂ; ਅਤੇ/ਜਾਂ

• ਤੁਹਾਡੇ ਬੱਚੇ/ਬੱਚੀ ਨੂੰ ਹਿਰਾਸਤ ਵਿਚ ਲੈ ਲੈਣਾਂ।

6

## ਇਕ ਅਪਰਾਧੀ ਛਾਣ-ਬੀਣ ਦੇ ਸੰਭਵ ਸਿੱਟੇ

ਪੁਲੀਸ ਦਾ ਇਹ ਕਰਤਵ ਹੈ ਕਿ ਉਹ ਇਹ ਫ਼ੈਸਲਾ ਕਰਨ ਕਿ ਕੀ *ਕ੍ਰਿਮਿਨਲ ਕੋਡ ਔਫ ਕੈਨੇਡਾ* ਦੇ ਅਧੀਨ ਦੋਸ਼ ਲਾਉਣ ਲਈ ਉਨ੍ਹਾਂ ਦੇ ਕੋਲ ਸੰਤੁਲਿਤ ਅਧਾਰ ਹੈ ਹਨ। ਪੁਲੀਸ ਦੀ ਛਾਣ-ਬੀਣ ਦੇ ਦੋ ਮੁੱਖ ਸਿੱਟੇ ਹੁੰਦੇ ਹਨ, ਉਹ ਇਹ ਕਿ ਦੋਸ਼ ਲਾਏ ਗਏ ਜਾਂ ਦੋਸ਼ ਨਹੀਂ ਲਾਏ ਗਏ। *ਕ੍ਰਿਮਿਨਲ ਕੋਡ ਔਫ ਕੈਨੇਡਾ* ਦੇ ਅਧੀਨ ਲਗਭਗ 20 ਲਿੰਗਕ ਉਲੰਘਣਾਵਾਂ ਹੈ ਹਨ ਜੋ ਕਿ ਬੱਚਾ/ਬੱਚੀ ਲਿੰਗਕ ਦੁਰ-ਵਰਤੋਂ ਤੇ ਲਾਗੂ ਹੁੰਦੀਆਂ ਹਨ। ਦੀ *ਕ੍ਰਿਮਿਨਲ ਕੋਡ* ਇਨ੍ਹਾਂ ਦੀ ਰਚਨਾਂ ਇਸ ਤਰਾਂ ਕਰਦਾ ਹੈ:

• ਕਿਸ ਪ੍ਰਕਾਰ ਦੀਆਂ ਹਰਕਤਾਂ ਕੀਤੀਆਂ ਗਈਆਂ ਸਨ (ਕੀ ਵਾਪਰੇਆ ਸੀ);

• ਬੱਚੇ/ਬੱਚੀ ਦੀ ਉਮਰ;

• ਦੋਸ਼ਿਤ ਉਲੰਘਣਾਕਾਰ ਦੀ ਉਮਰ; ਅਤੇ/ਜਾਂ

• ਬੱਚੇ/ਬੱਚੀ ਅਤੇ ਦੋਸ਼ਿਤ ਉਲੰਘਣਾਕਾਰ ਦੇ ਵਿਚਾਲੇ ਰਿਸ਼ਤਾ-ਸਬੰਧ (ਜਿਵੇਂ ਕਿ, ਕਈ ਦੋਸ਼ ਇਸ ਵਿਸ਼ੇ ਦੇ ਨਾਲ ਸਬੰਧਤ ਹੋਣਗੇ ਕਿ ਕੀ ਦੋਸ਼ਿਤ ਉਲੰਘਣਾਕਾਰ, ਜਿੱਥੋਂ ਤਕ ਕਿ ਇਕ ਬੱਚੇ/ਬੱਚੀ ਦਾ ਸਬੰਧ ਹੈ, ਇਕ ਵਿਸ਼ਵਾਸ ਜਾਂ ਅਧਿਕਾਰ ਦੀ ਪਦਵੀ ਦੇ ਉਤੇ ਹੈ)। (ਵੇਖੋ ਅਧਿਆਇ 1, "ਇਕ ਲਿੰਗਕ ਦੁਰ-ਵਰਤੋਂ ਦੀ ਰਚਨਾਂ ਕਰਨੀਂ – ਇਕ ਸਹਿਮਤੀ ਦੀ ਰਚਨਾਂ ਕਰਨੀਂ।)

ਜੇ ਦੋਸ਼ ਨਹੀਂ ਲਾਏ ਗਏ ਤਾਂ ਇਸਦਾ ਵਿਸ਼ੇਸ਼ ਮਤਲਬ ਇਹ ਹੀ ਨਹੀਂ ਹੈ ਕਿ ਦੁਰ-ਵਰਤੋਂ ਵਾਪਰੀ ਹੀ ਨਹੀਂ ਸੀ, ਜਾਂ ਕਿ ਪੁਲੀਸ ਇਹ ਵਿਸ਼ਵਾਸ ਹੀ ਨਹੀਂ ਕਰਦੀ ਕਿ ਦੁਰ-ਵਰਤੋਂ ਵਾਪਰੀ ਸੀ।

ਕੁਝ ਇਕ ਹਾਲਾਤਾਂ ਵਿਚ ਸੰਭਵ ਹੈ ਕਿ ਪੁਲੀਸ ਇਹ ਵਿਸ਼ਵਾਸ ਕਰੇ ਕਿ ਤੁਹਾਡੇ ਬੱਚੇ/ਬੱਚੀ ਦੇ ਨਾਲ ਲਿੰਗਕ ਦੁਰ-ਵਰਤੋਂ ਤਾਂ ਵਾਪਰੀ ਸੀ ਪਰ ਇਸਦੇ ਦੋਸ਼ਿਤ ਉਲੰਘਣਾਕਾਰ ਦੇ ਉਤੇ ਦੋਸ਼ ਨਹੀਂ ਲਾਏ ਗਏ।

ਇਹ ਸੰਭਤ ਹੈ ਕਿ ਪੁਲੀਸ ਦੇ ਕੋਲ ਦੋਸ਼ ਲਾਉਣ ਦੇ ਯੋਗ ਕਾਫ਼ੀ ਸਬੂਤ ਨਾਂ ਹੁੰਦੇ, ਜਾਂ ਇਕ ਬੱਚੇ/ਬੱਚੀ ਦੀ ਛੋਟੀ ਉਮਰ ਕਰਕੇ, ਉਹ ਵਾਪਰੀ ਘਟਨਾਂ ਦਾ ਸੰਚਾਰ ਕਰਨ ਦੇ ਯੋਗ ਨਹੀਂ ਸੀ। ਜੇ ਦੋਸ਼ ਲਾਏ ਜਾਂਦੇ ਹਨ, ਤਾਂ ਜਿੱਥੇ ਢੁਕਵਾਂ ਹੋਏਗਾ, ਪੁਲੀਸ ਤੁਹਾਨੂੰ ਅਤੇ ਤੁਹਾਡੇ ਬੱਚੇ/ਬੱਚੀ ਨੂੰ ਸੂਚਿਤ ਕਰੇਗੀ।

## ਰਿਹਾਈ ਦੀਆਂ ਸ਼ਰਤਾਂ

ਜਦੋਂ ਵੀ ਅਪਰਾਧੀ ਦੋਸ਼ ਲਾਏ ਜਾਂਦੇ ਹਨ, ਪੁਲੀਸ ਦੋਸ਼ਿਤ ਉਲੰਘਣਾਕਾਰ ਨੂੰ ਗ੍ਰਿਫਤਾਰ ਕਰ ਲੈਂਦੀ ਹੈ ਅਤੇ:

• ਉਸਨੂੰ ਥਾਣੇਂ ਦੇ ਵਿਚ ਲੈ ਜਾਂਦੀ ਹੈ ਅਤੇ ਉਸਨੂੰ ਸ਼ਰਤਾਂ ਸਮੇਤ ਜਾਂ ਸ਼ਰਤਾਂ ਦੇ ਬਗ਼ੈਰ ਰਿਹਾ ਕਰ ਦਿੰਦੀ ਹੈ; ਜਾਂ

• ਉਸਨੂੰ ਇਕ ਨਜ਼ਰਬੰਦੀ ਜਾਂ ਰਿਹਾਈ ਦੀਆਂ ਸ਼ਰਤਾਂ ਦੀ ਬਾਬਤ ਨਿਸਚਾ ਕਰਨ ਦੇ ਲਈ ਇਕ ਰਿਹਾਈ ਦੀ ਸੁਣਵਾਈ ਤਕ ਹਵਾਲਾਤ ਵਿਚ ਰੱਖਦੀ ਹੈ।

ਆਮ ਤੌਰ ਤੇ ਇਹ ਯਤਨ ਕੀਤੇ ਜਾਂਦੇ ਹਨ ਕਿ ਦੋਸ਼ ਲਗਾਉਣ ਦੇ ਬਾਅਦ ਤੁਰੰਤ ਹੀ ਰਿਹਾਈ ਦੀ ਸੁਣਵਾਈ (ਜਿਸਨੂੰ "ਸ਼ੋ ਕਾਜ਼" ਹਿਅਰਿੰਗ ਕਿਹਾ ਜਾਂਦਾ ਹੈ) ਨੂੰ ਮਿੱਥਿ ਲਿਆ ਜਾਂਦਾ ਹੈ। ਕਈ ਵਾਰੀ, ਜੇ ਇਹ ਵਿਖਾਇਆ ਜਾ ਸਕੇ ਕਿ ਇਕ ਦੋਸ਼ਿਤ (*ਐਕਿਊਜ਼ਡ*) ਦੂਜਿਆਂ ਲਈ ਇਕ ਗੰਭੀਰ ਖ਼ਤਰਾ ਹੈ, ਜਾਂ ਇਹ ਸ਼ੱਕ ਹੋਣ ਕਿ ਉਹ ਕਚਹਿਰੀ ਵਿਚ ਪਹਿਲੀ ਪੇਸ਼ੀ ਲਈ ਹਾਜ਼ਰ ਨਹੀਂ ਹੋਏਗਾ/(ਗੀ), ਤਾਂ ਉਸਨੂੰ ਹਿਰਾਸਤ ਵਿਚ ਹੀ ਰੱਖਿਆ ਜਾਂਦਾ ਹੈ।

ਇਕ ਦੋਸ਼ਿਤ ਵਿਅਕਤੀ ਦੀ ਰਿਹਾਈ ਦੇ ਲਈ, ਉਸ ਦੇ ਲਈ ਅੱਕਸਰ ਕਈ ਇਕ ਵਿਸ਼ਿਸ਼ਟ ਸ਼ਰਤਾਂ ਉਤੇ ਰਾਜ਼ੀ ਹੋਣਾਂ ਜ਼ਰੂਰੀ ਹੁੰਦਾ ਹੈ, ਜੋ ਕਿ ਅਜਿਹੇ ਨਿਯਮ ਹੁੰਦੇ ਹਨ ਜਿਨ੍ਹਾਂ ਦਾ ਪਾਲਣ ਕਰਨਾਂ ਇਕ ਦੋਸ਼ਿਤ ਉਲੰਘਣਾਕਾਰ ਲਈ ਜ਼ਰੂਰੀ ਹੁੰਦਾ ਹੈ। ਬਹੁਤ ਸਾਰੇ ਹਾਲਾਤਾਂ ਵਿਚ, ਇਕ ਰਿਹਾਈ ਦੀਆਂ ਸ਼ਰਤਾਂ ਦੀ ਨਿਸਚਾ ਕਰਨ ਦੇ ਵੇਲੇ, ਬੱਚੇ/ਬੱਚੀ ਅਤੇ/ਜਾਂ ਬੱਚੇ/ਬੱਚੀ ਦੇ ਟੱਬਰ ਦੇ ਵਲੋਂ ਯੋਗਦਾਨ ਦੇ ਉਤੇ ਵਿਚਾਰ ਕੀਤਾ ਜਾਂਦਾ ਹੈ। ਜੇ ਤੁਹਾਨੂੰ ਦੋਸ਼ਿਤ ਵਿਅਕਤੀ ਦੇ ਵਲੋਂ ਤੁਹਾਨੂੰ ਜਾਂ ਤੁਹਾਡੇ ਬੱਚੇ/ਬੱਚੀ ਨੂੰ ਨੁਕਸਾਨ ਪਹੁੰਚਣ ਦੀ ਬਾਬਤ ਚਿੰਤਾ ਹੈ। ਤਾਂ ਪੁਲੀਸ, ਦੀ *ਚਿਲਡਰੰਸ ਏਡ ਸੋਸਾਇਟੀ* (ਸੀ ਏ ਐਸ), ਜਾਂ ਦੀ *ਕ੍ਰਾਉਨ ਅਟੋਰਨੀ* ਨੂੰ ਦੱਸ ਦਿਓ। ਪੁਲੀਸ ਇਕ ਅਜਿਹੀ ਰਿਪੋਰਟ ਨੂੰ ਪੂਰੇਆਂ ਕਰਦੀ ਹੈ ਜਿਸ ਵਿਚ ਉਨ੍ਹਾਂ ਦੀ ਰਾਇ ਸ਼ਾਮਲ ਹੁੰਦੀ ਹੈ ਕਿ ਕੀ ਇਕ ਦੋਸ਼ਿਤ ਨੂੰ ਰਿਹਾ ਕਰਨਾਂ ਚਾਹੀਦਾ ਹੈ ਜਾਂ ਨਹੀਂ, ਅਤੇ ਜੇ ਰਿਹਾ ਕੀਤਾ ਜਾਂਦਾ ਹੈ, ਤਾਂ ਕੇੜ੍ਹੀਆਂ ਸ਼ਰਤਾਂ ਦੇ ਅਧੀਨ। ਸੀ ਏ ਐਸ ਦੇ ਪੱਖੋਂ ਚਿੰਤਾਵਾਂ ਵੀ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ।
ਇਕ ਰਿਹਾਈ ਦੀਆਂ ਸ਼ਰਤਾਂ ਦੀਆਂ ਉਦਾਹਰਣਾਂ ਇਹ ਹਨ:

• ਇਕ ਜ਼ੁਲਮ ਦੇ ਸ਼ਿਕਾਰ ਦੇ ਨਾਲ ਸਿੱਧਾ ਜਾਂ ਅਸਿੱਧਾ ਸੰਚਾਰ ਨਹੀਂ ਕਰਨਾਂ;

• ਇਕ "ਸੰਪਰਕ ਨਹੀਂ ਕਰਨ ਦਾ ਹੁਕਮਨਾਮਾਂ" (ਇਕ ਅਜਿਹਾ ਹੁਕਮਨਾਮਾਂ ਜੋ ਇਕ ਦੋਸ਼ਿਤ ਨੂੰ ਵਿਸ਼ੇਸ਼ ਲੋਕਾਂ ਦੇ ਨਾਲ ਸੰਪਰਕ ਕਰਨ ਤੋਂ ਮਨਾਂ ਕਰਦਾ ਹੈ, ਜਿਵੇਂ ਕਿ, ਇਕ ਬੱਚਾ/ਬੱਚੀ ਜਾਂ ਕੋਈ ਹੋਰ ਬੱਚੇ ਜੋ ਇਕ ਵਿਸ਼ਿੱਸ਼ਟ ਉਮਰ ਤੋਂ ਛੋਟੇ ਹਨ);

• ਹੱਥਿਆਰ, ਸ਼ਰਾਬ ਜਾਂ ਨਸ਼ੀਲੀ ਦਵਾਈ ਮਨਾਂ ਹੈ;

• ਇਕ ਪੁਲੀਸ ਅਧਿਕਾਰੀ ਅੱਗੇ ਲਗਾਤਾਰ ਹਾਜ਼ਰੀਆਂ, ਇਕ ਵਿਸ਼ਿਸ਼ਟ ਭੁਗੋਲਕ ਖੇਤਰ ਦੇ ਵਿਚਾਲੇ ਹੀ ਰਹਿਣਾਂ ਅਤੇ/ਜਾਂ ਨਿਵਾਸੀ ਜਾਂ ਕੰਮ-ਕਾਜ ਦੇ ਪਤੇ ਵਿਚ ਕੋਈ ਵੀ ਤਬਦੀਲੀ ਦੀ ਬਾਬਤ ਪੁਲੀਸ ਨੂੰ ਜਾਣੂ ਕਰਾਉਣਾਂ;

• ਜਿੱਥੇ ਕਿਤੇ ਵੀ ਇਸ ਬੱਚੇ/ਬੱਚੀ ਦੇ ਹਾਜ਼ਰ ਹੋਣ ਦੀ ਸੰਭਾਵਨਾਂ ਹੋਏ, ਓਸ ਸਥਾਨ ਤੋਂ ਇਕ ਮਿੱਥੀ ਹੋਈ ਵਿਸ਼ਿੱਸ਼ਟ ਦੂਰੀ ਤੋਂ ਨੇੜੇ ਨਹੀਂ ਆਉਣਾਂ;

• ਕਚਹਿਰੀ ਦੇ ਅੱਗੇ ਪੈਸੇ ਦੀ ਇਕ ਰਕਮ ਜਾਂ ਇਕ ਜ਼ਮਾਨਤ ਲਈ ਕੋਈ ਮੁੱਲਵਾਨ ਵਸਤੂ ਜਮਾਂ ਕਰਵਾਉਣੀ (ਆਮ ਤੌਰ ਤੇ ਤਾਂ ਜ਼ਰੂਰੀ ਹੁੰਦਾ ਹੈ ਜਦੋਂ ਕਿ ਦੋਸ਼ਿਤ ਵਿਅਕਤੀ ਕਚਹਿਰੀ ਦੇ ਅਧਿਕਾਰ-ਖੇਤਰ ਤੋਂ ਬਾਹਰ ਨਿਵਾਸੀ ਹੁੰਦਾ/ਹੁੰਦੀ ਹੈ); ਅਤੇ/ਜਾਂ

• ਜ਼ਮਾਨਤੀਆਂ ਦੀ ਲੋੜ (ਕੋਈ ਹੋਰ ਵਿਅਕਤੀ ਇਕ ਦਸਤਾਵੇਜ਼ ਦੇ ਉਤੇ ਦਸਤਖ਼ਤ ਕਰਦੇ ਹੋਇਆਂ ਇਹ ਨਿਸਚਾ ਕਰੇ ਕਿ ਦੋਸ਼ਿਤ ਕਚਹਿਰੀ ਦੀ ਅਗਲੀ ਪੇਸ਼ੀ ਲਈ ਹਾਜ਼ਰੀ ਦਏਗਾ/(ਗੀ)।

ਜ਼ੁਲਮ ਦੇ ਸ਼ਿਕਾਰ ਨੂੰ ਉਨ੍ਹਾਂ ਸ਼ਰਤਾਂ ਦੀ ਬਾਬਤ ਜਾਨਣ ਦਾ ਅਧਿਕਾਰ ਹੈ ਜਿਨ੍ਹਾਂ ਦੇ ਹੇਠਾਂ ਦੋਸ਼ਿਤ ਵਿਅਕਤੀ ਨੂੰ ਰਿਹਾ ਕੀਤਾ ਗਿਆ ਹੈ, ਅਤੇ ਇਕ ਅਜਿਹੀ ਕਾਰਜ-ਪ੍ਰਣਾਲੀ ਹੋਂਦ ਵਿਚ ਹੈ ਜਿਸਦੇ ਰਾਹੀਂ ਜ਼ੁਲਮ ਦੇ ਸ਼ਿਕਾਰ ਨੂੰ ਇਕ ਰਿਹਾਈ ਦੀ ਸੁਣਵਾਈ ਦੇ ਨਤੀਜੇ ਦੀ ਬਾਬਤ ਜਾਣੂ ਕੀਤਾ ਜਾਂਦਾ ਹੈ। ਇਕ ਪੁਲੀਸ ਅਧਿਕਾਰੀ, ਚਾਇਲਡ ਪ੍ਰੋਟੈਕਸ਼ਨ ਵਰਕਰ ਜਾਂ *ਵਿਕਟਿਮ ਵਿਟਨੈਸ ਕੋ-ਆਰਡੀਨੇਟਰ* ਨੂੰ ਕਹੋ ਕਿ ਉਹ ਇਹ ਜਾਣਕਾਰੀ ਤੁਹਾਨੂੰ ਦਏ। ਜਿੱਥੇ ਢੁਕਵਾਂ ਹੋਏਗਾ, ਪੁਲੀਸ ਜਾਂ ਚਾਇਲਡ ਪ੍ਰੋਟੈਕਸ਼ਨ ਵਰਕਰ ਤੁਹਾਡੇ ਬੱਚੇ/ਬੱਚੀ ਦੇ ਸਕੂਲ ਦੇ/ਦੀ ਪ੍ਰਿੰਸੀਪਲ ਅਤੇ/ਜਾਂ ਚਾਇਲਡ ਕੇਅਰ ਸੁਪਰਵਾਇਜ਼ਰ ਨੂੰ ਰਿਹਾਈ ਦੀਆਂ ਸ਼ਰਤਾਂ ਦੀ ਬਾਬਤ ਜਾਣੂ ਕਰੇਗਾ/(ਗੀ) (ਜਿਵੇਂ ਕਿ, ਜੇ ਇਕ ਦੋਸ਼ਿਤ ਵਿਅਕਤੀ ਨੂੰ ਉਸ ਸਥਾਨ ਤੋਂ, ਜਿੱਥੇ ਕਿਤੇ ਵੀ ਤੁਹਾਡਾ/(ਡੀ) ਬੱਚਾ/ਬੱਚੀ ਹਾਜ਼ਰ ਹੋਏਗਾ/(ਗੀ), ਉਸ ਸਥਾਨ ਤੋਂ ਮਿੱਥੇ ਹੋਏ ਮੀਟਰਾਂ ਦੇ ਨੇੜੇ ਆਉਣਾਂ ਮਨਾਂ ਹੈ)। ਇਕ ਯੁਵਕ ਵਿਅਕਤੀ ਦੇ ਵਲੋਂ ਇਕ ਬੱਚੇ/ਬੱਚੀ ਦੇ ਨਾਲ ਲਿੰਗਕ ਦੁਰ-ਵਰਤੋਂ ਕੀਤੇ ਜਾਣ ਦੀ ਹਾਲਤ ਵਿਚ ਇਹ ਜਾਣਕਾਰੀ ਸਕੂਲ ਦੇ/ਦੀ ਪ੍ਰਿੰਸੀਪਲ ਅਤੇ/ਜਾਂ ਚਾਇਲਡ ਕੇਅਰ ਸੁਪਰਵਾਇਜ਼ਰ ਨੂੰ ਇਹ ਨਿਸਚਾ ਕਰਨ ਲਈ ਦਿੱਤੀ ਜਾਂਦੀ ਹੈ ਕਿ ਵਿਦਿਆਰਥੀਆਂ, ਕਰਮਚਾਰੀਆਂ ਜਾਂ ਦੂਜੇ ਲੋਕਾਂ ਦੇ ਵਿਚਾਲੇ ਸੁਰੱਖਿਆ ਦੀ ਵੰਡ-ਵਰਤੋਂ *ਯੂਥ ਕਰਿਮਿਨਲ ਜਸਟਿਸ ਐਕਟ* ਦੇ ਅਨੁਸਾਰ ਹੀ ਕੀਤੀ ਜਾਏ।

ਜੇ ਦੋਸ਼ਿਤ ਰਿਹਾਈ ਦੀਆਂ ਸ਼ਰਤਾਂ ਵਿਚੋਂ ਕੋਈ ਵੀ ਸ਼ਰਤ ਨੂੰ ਤੋੜਦਾ/(ਦੀ) ਹੈ ਤਾਂ ਤੁਰੰਤ ਹੀ ਪੁਲੀਸ ਦੇ ਨਾਲ ਸੰਪਰਕ ਕੀਤਾ ਜਾਣਾਂ ਚਾਹੀਦਾ ਹੈ। ਉਸਦੀ ਰਿਹਾਈ ਦੀਆਂ ਸ਼ਰਤਾਂ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ, ਜਾਂ ਉਹ ਵਧੇਰੇ ਦੋਸ਼ਾਂ ਦਾ ਸਾਹਮਣਾਂ ਕਰ ਸਕਦਾ/(ਦੀ) ਹੈ।

ਜੇ ਕਿਸੇ ਵੀ ਵੇਲੇ ਇਕ ਬੱਚੇ/ਬੱਚੀ ਜਾਂ ਟੱਬਰ ਨੂੰ ਦੋਸ਼ਿਤ ਵਲੋਂ ਕੋਈ ਨੁਕਸਾਨ ਪਹੁੰਚਣ ਦੀ ਬਾਬਤ ਚਿੰਤਾਵਾਂ ਹਨ ਤਾਂ ਇਨ੍ਹਾਂ ਚਿੰਤਾਵਾਂ ਦੀ ਬਾਬਤ ਪੁਲੀਸ ਨੂੰ ਜਾਣੂ ਕਰਨਾਂ ਜ਼ਰੂਰੀ ਹੈ। ਜ਼ੁਲਮ ਦਾ/ਦੀ ਸ਼ਿਕਾਰ ਜਾਂ ਉਸਦਾ ਟੱਬਰ ਦੀ ਔਨਟੇਰਿਓ ਕੋਰਟ ਪ੍ਰੋਵਿੰਸ਼ਿਅਲ ਡਿਵੀਜ਼ਨ ਦੇ ਕੋਲੋਂ ਇਕ ਅਜਿਹੇ ਰਿਸਟ੍ਰੇਨਿੰਗ ਆਰਡਰ ਦੀ ਮੰਗ ਕਰ ਸਕਦੇ ਹਨ ਜੋ ਇਕ ਦੋਸ਼ਿਤ ਉਲੰਘਣਾਕਾਰ ਨੂੰ ਦੂਜੇ ਲੋਕਾਂ ਦੇ ਨਾਲ ਸੰਪਰਕ ਕਰਨ ਤੋਂ ਰੋਕਦਾ ਹੈ।

## ਇਕ ਕ੍ਰਾਉਨ ਅਟਾਰਨੀ (ਸਰਕਾਰੀ ਵਕੀਲ) ਦੀ ਨਿਯੁਕਤੀ

ਜਦੋਂ ਇਕ ਵਿਅਕਤੀ ਦੇ ਉਤੇ ਇਕ ਬੱਚੇ/ਬੱਚੀ ਦੇ ਵਿਰੁਧ ਲਿੰਗਕ ਦੁਰ-ਵਰਤੋਂ ਕਰਨ ਦਾ ਦੋਸ਼ ਲਾਇਆ ਜਾਂਦਾ ਹੈ ਤਾਂ ਇਸ ਕੇਸ ਦੇ ਉਤੇ ਇਕ ਕ੍ਰਾਉਨ ਅਟਾਰਨੀ ਨੂੰ ਨਿਯੁਕਤ ਕੀਤਾ ਜਾਂਦਾ ਹੈ। ਉਹ ਇਹ ਫ਼ੈਸਲਾ ਕਰਦਾ/(ਦੀ) ਹੈ ਕਿ ਸਬੂਤਾਂ ਦੇ ਅਧਾਰ ਦੇ ਉਤੇ, ਕੀ ਇਹ ਕੇਸ ਇਕ ਕਚਹਿਰੀ ਤਕ ਜਾਣਾਂ ਚਾਹੀਦਾ ਹੈ ਜਾਂ ਨਹੀਂ। ਇਕ ਕ੍ਰਾਉਨ ਅਟਾਰਨੀ ਪੁਲੀਸ ਅਤੇ ਸੀ ਏ ਐਸ ਦੇ ਨਾਲ ਸਲਾਹ-ਮਸ਼ਵਰੇ ਵੀ ਕਰ ਸਕਦਾ/(ਦੀ) ਹੈ। ਜੇ ਇਕ ਮੁਕਦਮਾਂ ਚਲਾਇਆ ਜਾਂਦਾ ਹੈ ਤਾਂ ਇਸਦੀ ਸੁਣਵਾਈ ਇਕ ਅਪਰਾਧੀ ਕਚਹਿਰੀ ਦੇ ਵਿਚ ਹੋਏਗੀ ਅਤੇ ਇਕ ਕ੍ਰਾਉਨ ਅਟਾਰਨੀ ਦੇ ਵਲੋਂ ਦੋਸ਼ ਲਗਾਏ ਜਾਣਗੇ। ਇਕ ਵਾਰੀ ਜਦੋਂ ਦੋਸ਼ ਸਥਾਪਿਤ ਕਰ ਦਿੱਤੇ ਜਾਂਦੇ ਹਨ, ਕੇਵਲ ਇਕ ਕ੍ਰਾਉਨ ਅਟਾਰਨੀ ਹੀ ਇਸ/ਇਨ੍ਹਾਂ ਦੋਸ਼ਾਂ ਨੂੰ ਮੁੜ ਹਟਾ ਸਕਦਾ/(ਦੀ) ਹੈ। ਇਹ ਲੋੜੀਂਦਾ ਹੈ ਕਿ ਇਕ ਕ੍ਰਿਮਿਨਲ (ਅਪਰਾਧੀ) ਕਚਹਿਰੀ ਦੇ ਵਿਚ ਲਗਾਏ ਹੋਏ ਦੋਸ਼ ਨੂੰ ਸਾਬਤ ਕਰਨ ਦੇ ਲਈ ਪੇਸ਼ ਕੀਤੇ ਹੋਏ ਸਬੂਤ ਸੰਤੁਲਿਤ ਸ਼ੱਕਾਂ ਦੇ ਪਾਰ ਹੋਣ।

ਜੇ ਇਕ *ਡਿਫੈਂਸ ਲੋਯਰ* (ਦੋਸ਼ਿਤ ਵਿਅਕਤੀ ਦਾ/ਦੀ ਬਚਾਉ ਵਕੀਲ) ਤੁਹਾਡੇ ਬੱਚੇ/ਬੱਚੀ ਦੇ ਨਾਲ ਗੱਲ-ਬਾਤ ਕਰਨਾਂ ਚਾਹੁੰਦਾ/(ਦੀ) ਹੈ ਤਾਂ ਤੁਹਾਡੇ ਵਿਚੋਂ ਹਰ ਇਕ ਦੇ ਕੋਲ ਉਸਨੂੰ "ਨਹੀਂ" ਕਹਿ ਦੇਣ ਦਾ ਅਧਿਕਰ ਹੈ। ਜੇ ਤੁਸੀ ਇਕ ਡਿਫੈਂਸ ਲੋਯਰ ਦੇ ਨਾਲ ਗੱਲ-ਬਾਤ ਕਰਨ ਦੀ ਚੋਣ ਕਰਦੇ ਹੋ ਤਾਂ ਸ਼ਾਇਦ ਤੁਸੀ ਅਜਿਹਾ ਕਰਨ ਤੋਂ ਪਹਿਲਾਂ ਕ੍ਰਾਉਨ ਅਟਾਰਨੀ ਜਾਂ ਪੁਲੀਸ ਨਾਲ ਗੱਲ-ਬਾਤ ਕਰਨਾਂ ਚਾਹੋਗੇ, ਜਾਂ ਇਕ ਆਪਣਾਂ/(ਣੀ) ਵਕੀਲ ਕਰਨਾਂ ਚਾਹੋਗੇ। ਇਕ ਡਿਫੈਂਸ ਲੋਯਰ ਦੇ ਨਾਲ ਵੰਡ-ਵਰਤੀ ਹੋਈ ਜਾਣਕਾਰੀ ਦੀ ਵਰਤੋਂ ਕਚਹਿਰੀ ਦੇ ਵਿਚ ਕੀਤੀ ਜਾ ਸਕਦੀ ਹੈ। ਇਕ ਕ੍ਰਾਉਨ ਅਟਾਰਨੀ ਦੇ ਕੋਲ ਸਾਰੇ ਸਬੂਤ/(ਤਾਂ) ਦੀ ਵੰਡ-ਵਰਤੋਂ ਇਕ ਡਿਫੈਂਸ ਲੋਯਰ ਦੇ ਨਾਲ ਜ਼ਰੂਰ ਕੀਤੀ ਜਾਂਦੀ ਹੈ, ਪਰ ਡਿਫੈਂਸ ਲੋਯਰ ਦੇ ਕੋਲ ਜਾਣਕਾਰੀ ਦੀ ਵੰਡ-ਵਰਤੋਂ ਕ੍ਰਾਉਨ ਅਟਾਰਨੀ ਦੇ ਨਾਲ ਕਰਨੀਂ ਜ਼ਰੂਰੀ ਨਹੀਂ ਹੈ।

ਤੁਹਾਡੇ ਬੱਚੇ/ਬੱਚੀ ਨੂੰ ਇਕ ਕ੍ਰਾਉਨ ਅਟਾਰਨੀ ਦੇ ਨਾਲ ਮਿਲਣ ਦਾ ਅਵਸਰ ਜ਼ਰੂਰ ਮਿਲਣਾਂ ਚਾਹੀਦਾ ਹੈ ਜੋ ਇਸ ਕੇਸ ਨੂੰ ਪ੍ਰੋਸਿਕਿਊਟ ਕਰੇਗਾ/(ਗੀ)। ਓਹ ਤੁਹਾਡੇ ਬੱਚੇ/ਬੱਚੀ ਦੇ ਬਿਆਨ (ਸਟੇਟਮੈਂਟ) ਦੇ ਉਤੇ ਮੁੜ-ਝਾਤ ਕਰੇਗਾ/(ਗੀ) ਅਤੇ ਤੁਹਾਡੇ ਬੱਚੇ/ਬੱਚੀ ਦੇ ਨਾਲ ਇਕ ਨੇੜਤਾ ਨੂੰ ਵਿਕਾਸਿਤ ਕਰੇਗਾ/(ਗੀ)। ਆਮ ਤੌਰ ਤੇ, ਇਸ ਸਭਾ ਦਾ ਪ੍ਰਬੰਧ ਇਕ ਵਿਕਟਿਮ ਵਿਟਨੈਸ ਅਸਿੱਸਟੈਂਸ ਪ੍ਰੋਗਰਾਮ ਦਾ/ਦੀ ਕਰਮਚਾਰੀ ਕਰਦਾ/(ਦੀ) ਹੈ, ਜੋ ਕ੍ਰਾਉਨ ਅਟਾਰਨੀ ਦੇ ਨਾਲ ਇਸ ਸਭਾ ਦੇ ਵਿਚ ਸ਼ਾਮਲ ਵੀ ਹੋ ਸਕਦਾ/(ਦੀ) ਹੈ। ਇਕ ਬੱਚੇ/ਬੱਚੀ ਗਵਾਹ ਅਤੇ ਕ੍ਰਾਉਨ ਅਟਾਰਨੀ ਦੇ ਵਿਚਾਲੇ ਇਕ ਚੰਗੀ ਨੇੜਤਾ ਇਕ ਬੱਚੇ/ਬੱਚੀ ਨੂੰ ਵਧੇਰੇ ਸੁਖਦਾਈ ਕਰਦੀ ਹੈ। ਤੁਹਾਡੇ ਬੱਚੇ/ਬੱਚੀ ਅਤੇ ਕ੍ਰਾਉਨ ਅਟਾਰਨੀ ਨੂੰ ਇਹ ਕੁਝ ਦੀ ਬਾਬਤ ਵਿਚਾਰ-ਵਟਾਂਦਰੇ ਕਰਨ ਦਾ ਅਵਸਰ ਹੋਣਾਂ ਚਾਹੀਦਾ ਹੈ:

• ਦੁਰ-ਵਰਤੋਂ ਦੀ ਬਾਬਤ ਤੁਹਾਡੇ ਬੱਚੇ/ਬੱਚੀ ਦੀਆਂ ਪ੍ਰਤਿਕ੍ਰਿਆਵਾਂ ਅਤੇ ਕਚਹਿਰੀ ਦੀ ਬਾਬਤ ਭਾਵਨਾਵਾਂ;

• ਕਚਹਿਰੀ ਦੇ ਪ੍ਰਭਾਵ ਦੀ ਬਾਬਤ ਕੋਈ ਵੀ ਚਿੰਤਾਵਾਂ' ਅਤੇ

• ਤੁਹਾਡੇ ਬੱਚੇ/ਬੱਚੀ ਦੀਆਂ ਕੋਈ ਵੀ ਵਿਸ਼ੇਸ਼ ਲੋੜਾਂ।

ਇਕ ਕ੍ਰਾਉਨ ਅਟਾਰਨੀ ਦੇ ਨਾਲ ਗੱਲ-ਬਾਤ ਕਰਨ ਕਰਕੇ, ਤੁਹਾਡੇ ਬੱਚੇ/ਬੱਚੀ ਦੀ ਜ਼ੁਬਾਨੀ ਕੁਸ਼ਲਤਾ, ਕੇਂਦ੍ਰਿਕਰਣ ਦੀ ਪੱਧਰ, ਬੇਚੈਨੀਂ ਦੀ ਪੱਧਰ ਅਤੇ ਕਿਸੇ ਹੋਰ ਦੇ ਨਾਲ ਵਾਪਰੀ ਹੋਈ ਘਟਨਾਂ ਦੀ ਬਾਬਤ ਗੱਲ-ਬਾਤ ਕਰਨ ਦੇ ਅੱਕਸਰ ਚੰਗੇ ਸੰਕੇਤ ਹੁੰਦੇ ਹਨ। ਤੁਹਾਡੇ ਬੱਚੇ/ਬੱਚੀ ਦੀ ਉਮਰ, ਵਿਕਾਸਾਤਮਕ ਯੋਗਤਾਵਾਂ, ਅਤੇ ਭਾਵਨਾਤਮਕ ਹਾਲਤ ਦੇ ਗਿਆਨ ਇਕ ਕ੍ਰਾਉਨ ਅਟਾਰਨੀ ਨੂੰ ਇਹ ਫ਼ੈਸਲਾ ਕਰਨ ਵਿਚ ਸਹਾਇਕ ਹੋਏਗਾ ਕਿ ਬੱਚੇ/ਬੱਚੀ ਦੇ ਕੋਲੋਂ ਕਚਹਿਰੀ ਦੇ ਵਿਚ ਗਵਾਹੀ ਲੈਣੀਂ ਉਚਿਤ ਹੈ ਜਾਂ ਨਹੀਂ।



## ਅਪਰਾਧੀ ਕਚਹਿਰੀ (ਕ੍ਰਿਮਿਨਲ ਕੋਰਟ) ਆਰੰਭਕ ਸੁਣਵਾਈ

ਆਰੰਭਕ ਸੁਣਵਾਈਆਂ ਕੇਵਲ ਵਿਸ਼ੇਸ਼ ਦੋਸ਼ਿਤ ਬਾਲਗ਼ਾਂ ਦੇ ਉਤੇ ਲਾਗੂ ਹੁੰਦੀਆਂ ਹਨ। ਬਹੁਤੇ ਅਪਰਾਧੀ ਦੋਸ਼ਾਂ ਦੀ ਸੁਣਵਾਈ ਇਕ ਪ੍ਰਾਂਤਿਕ ਕਚਹਿਰੀ ਦੇ ਵਿਚ ਕੀਤੀ ਜਾਂਦੀ ਹੈ, ਜਿੱਥੇ ਇਕ ਆਰੰਭਕ ਸੁਣਵਾਈ ਦੇ ਬਗ਼ੈਰ, ਕੇਸਾਂ ਦੇ ਉਤੇ ਸਿੱਧੇ ਮੁਕੱਦਮੇਂ ਹੀ ਚਲਾਏ ਜਾਂਦੇ ਹਨ। ਇਕ ਅਪਰਾਧੀ ਕਚਹਿਰੀ ਦੇ ਉਹ ਸਾਰੇ ਮਾਮਲੇ ਜਿਨ੍ਹਾਂ ਵਿਚ ਸ਼ਾਮਲ ਦੋਸ਼ਿਤ ਇਕ 12 ਤੋਂ 17 ਸਾਲਾਂ ਦੀ ਉਮਰ ਦੇ ਯੁਵਕ ਹੁੰਦੇ ਹਨ, ਉਨ੍ਹਾਂ ਦੇ ਉਤੇ ਵੀ ਸਿੱਧੇ ਮੁਕੱਦਮੇਂ ਚਲਾਏ ਜਾਂਦੇ ਹਨ।

ਇਕ ਆਰੰਭਕ ਸੁਣਵਾਈ ਦਾ ਉਦੇਸ਼ ਇਹ ਹੁੰਦਾ ਹੈ ਕਿ ਇਕ ਜੱਜ ਕੁਝ ਇਕ ਸਬੂਤਾਂ ਨੂੰ ਸੁਣਦੇ ਹੋਇਆਂ ਇਹ ਫੈਸਲਾ ਕਰਦਾ/(ਦੀ) ਹੈ ਕਿ ਕੀ ਇਕ ਮੁਕੱਦਮਾਂ ਚਲਾਉਣ ਦੇ ਲਈ ਇਸ ਕੇਸ ਵਿਚ ਕਾਫ਼ੀ ਕੁਝ ਹੈ। ਇਸ ਆਰੰਭਕ ਸੁਣਵਾਈ ਵਿਚ ਕ੍ਰਾਉਨ ਅਟਾਰਨੀ, ਦੋਸ਼ਿਤ ਉਲੰਘਣਾਕਾਰ ਅਤੇ ਉਸਦਾ/(ਦੀ) ਵਕੀਲ ਹਾਜ਼ਰ ਹੁੰਦੇ ਹਨ। ਇਹ ਫੈਸਲਾ ਕ੍ਰਾਉਨ ਅਟਾਰਨੀ ਕਰਦਾ/(ਦੀ) ਹੈ ਕਿ ਸੁਣਵਾਈ ਦੇ ਵਿਚ ਕੇੜ੍ਹੇ ਕੇੜ੍ਹੇ ਗਵਾਹ ਬਿਆਨ ਦੇਣਗੇ। ਬਹੁਤੇ ਹਾਲਾਤਾਂ ਦੇ ਵਿਚ ਇਕ ਬੱਚਾ/ਬੱਚੀ ਤੋਂ ਲੋੜੀਂਦਾ ਹੁੰਦਾ ਹੈ ਕਿ ਉਹ ਬਿਆਨ ਦਏ, ਜਿਸਦਾ ਮਤਲਬ ਇਹ ਕਿ ਬੱਚਾ/ਬੱਚੀ ਕਚਹਿਰੀ ਦੇ ਵਿਚ ਹਾਜ਼ਰ ਹੋ ਕੇ ਵਾਪਰੀ ਹੋਈ ਘਟਨਾਂ ਦੀ ਬਾਬਤ ਆਪਣੇਂ ਬਿਆਨ ਦਏਗਾ/(ਗੀ)।

ਜੇ ਤੁਸੀ ਇਕ ਗਵਾਹ ਹੋ ਤਾਂ ਤੁਹਾਡੇ ਬੱਚੇ/ਬੱਚੀ ਦੇ ਬਿਆਨ ਦੇਣ ਦੇ ਵੇਲੇ ਤੁਹਾਨੂੰ ਕਚਹਿਰੀ ਦੇ ਬਾਹਰ ਰਹਿਣਾਂ ਪਏਗਾ, ਜਦੋਂ ਤਕ ਕਿ ਕ੍ਰਾਉਨ ਅਟਾਰਨੀ ਤੁਹਾਡੇ ਬਿਆਨ ਪਹਿਲਾਂ ਲੈ ਲੈਣ ਲਈ ਰਾਜ਼ੀ ਨਾਂ ਹੋਏ। ਡਿਫੈਂਸ ਲੋਯਰ ਦੇ ਕੋਲ ਬੱਚਾ/ਬੱਚੀ ਸਮੇਤ, ਗਵਾਹਾਂ ਦੀ ਜਿਰ੍ਹਾ (*ਕ੍ਰੌਸ-ਇਗਜ਼ੈਮਿਨ*) ਕਰਨ ਦਾ ਅਵਸਰ ਹੁੰਦਾ ਹੈ। ਸਬੂਤ/(ਤਾਂ) ਨੂੰ ਸੁਣਨ ਦੇ ਬਾਅਦ ਜੱਜ ਇਹ ਫੈਸਲਾ ਕਰਦਾ/(ਦੀ) ਹੈ ਕਿ ਇਕ ਮੁਕੱਦਮਾਂ ਚਲਾਇਆ ਜਾਏ ਜਾਂ ਕਿ ਕੇਸ ਨੂੰ ਰੱਦ ਕਰ ਦਿੱਤਾ ਜਾਏ।

## ਮੁਕੱਦਮਾਂ ਚਲਾਉਣਾਂ

ਇਕ ਆਰੰਭਕ ਸੁਣਵਾਈ ਅਤੇ ਮੁਕੱਦਮਾਂ ਆਰੰਭ ਕਰਨ ਦੇ ਵਿਚਾਲੇ ਦੇਰੀ ਹੁੰਦੀ ਹੈ। ਇਕ ਮੁਕੱਦਮੇਂ ਦਾ ਉਦੇਸ਼ ਇਹ ਫੈਸਲਾ ਕਰਨਾਂ ਹੁੰਦਾ ਹੈ ਕਿ ਕੀ ਦੋਸ਼ਿਤ ਲਗਾਏ ਹੋਏ ਦੋਸ਼ਾਂ ਦਾ/ਦੀ ਅਪਰਾਧੀ ਹੈ ਜਾਂ ਨਹੀਂ। ਜਿੱਥੇ ਇਕ ਆਰੰਭਕ ਸੁਣਵਾਈ ਕਰ ਲਈ ਜਾ ਚੁਕੀ ਹੋਏ, ਦੋਸ਼ਿਤ ਵਿਅਕਤੀ ਦੇ ਕੋਲ ਇਹ ਚੋਣ ਹੁੰਦੀ ਹੈ ਕਿ ਉਸਨੇਂ ਆਪਣੇਂ ਮੁਕੱਦਮੇਂ ਨੂੰ ਇਕ ਜੱਜ ਦੇ ਅੱਗੇ ਚਲਾਉਣਾਂ ਹੈ ਜਾਂ ਕਿ ਇਕ ਜੂਰੀ ਦੇ। ਕ੍ਰਾਉਨ ਅਟਾਰਨੀ ਅਤੇ ਡਿਫੈਂਸ ਲੋਯਰ, ਦੋਨਾਂ ਹੀ ਦੇ ਕੋਲ ਗਵਾਹਾਂ ਨੂੰ ਬਿਆਨ ਦੇਣ ਲਈ ਸੱਦਣ ਦਾ ਅਵਸਰ ਹੁੰਦਾ ਹੈ ਤਾਂ ਕਿ ਸਬੂਤ ਪੇਸ਼ ਕੀਤੇ ਜਾ ਸਕਣ। ਮੁਕੱਦਮਾਂ ਚਲਣ ਦੇ ਬਾਅਦ ਜੱਜ ਮੁਕੱਦਮੇਂ ਦੇ ਸਿੱਟੇ ਦੀ ਘੋਸ਼ਣਾਂ ਕਰੇਗਾ/(ਗੀ)। ਇਸਨੂੰ ਵਰਡਿੱਕਟ ਕਿਹਾ ਜਾਂਦਾ ਹੈ। ਇਕ ਵਰਡਿੱਕਟ (ਲੱਭਤ) ਦੇ ਉਤੇ ਫੈਸਲਾ ਕਰਨ ਵਿਚ ਕਈ ਹਫਤੇ ਲੱਗ ਸਕਦੇ ਹਨ, ਜਦੋਂ ਕਿ ਜੱਜ ਜਾਂ ਜੂਰੀ ਸਬੂਤਾਂ/ਬਿਆਨਾਂ ਦੇ ਉਤੇ ਮੁੜ-ਝਾਤ ਕਰਦੇ ਹਨ।

ਇਕ ਅਪਰਾਧੀ ਮੁਕੱਦਮਾਂ ਬੜਾ ਲੰਮਾਂ ਅਤੇ ਔਖਾ ਹੋ ਸਕਦਾ ਹੈ। ਇਕ ਦੋਸ਼ਿਤ ਉਲੰਘਣਾਕਾਰ ਦੇ ਉਤੇ ਲਗਾਏ ਗਏ ਦੋਸ਼ਾਂ ਦੇ ਅੱਗੇ ਆਪਣੇਂ ਆਪ ਨੂੰ ਦੋਸ਼ੀ ਮੰਨ ਲੈਂਦਾ/ਲੈਂਦੀ ਹੈ ਤਾਂ ਇਕ ਮੁਕੱਦਮਾਂ ਚਲਾਉਣ ਦੀ ਲੋੜ ਨੂੰ ਟਾਲੇਆ ਜਾ ਸਕਦਾ ਹੈ ਅਤੇ ਇਹ ਕੇਸ ਸਿੱਧਾ ਇਕ ਦੰਡ-ਘੋਸ਼ਣਾਂ ਦੀ ਸੁਣਵਾਈ ਦੇ ਵਲ ਮੋੜ ਦਿੱਤਾ ਜਾਂਦਾ ਹੈ। ਇਕ ਦੰਡ-ਘੋਸ਼ਣਾਂ ਦੀ ਸੁਣਵਾਈ ਦੇ ਵਿਚ ਕ੍ਰਾਉਨ ਅਟਾਰਨੀ ਅਤੇ ਡਿਫੈਂਸ ਲੋਯਰ ਅਜਿਹੇ ਦੰਡ ਦੀ ਸਿਫਾਰਿਸ਼ ਕਰਦੇ ਹਨ ਜੋ ਉਹ ਦੋਵੇਂ ਉਚਿਤ ਸਮਝਦੇ ਹਨ, ਅਤੇ ਜੱਜ ਅੰਤਿਮ ਫੈਸਲਾ ਕਰਦਾ/(ਦੀ) ਹੈ। ਕਈ ਵਾਰੀ ਇਕ ਹਲਕੇ ਦੰਡ (*ਸੈਨਟੈਂਸ*) ਦੇ ਬਦਲੇ ਵਿਚ, ਦੋਸ਼ਿਤ ਉਲੰਘਣਾਕਾਰ ਇਕ ਘਟਾਏ ਹੋਏ ਦੋਸ਼ ਦੇ ਲਈ ਆਪਣੇਂ ਆਪ ਨੂੰ ਦੋਸ਼ੀ ਮੰਨ ਲੈਂਦਾ/ਲੈਂਦੀ ਹੈ। ਇਸ ਆਮ ਪ੍ਰਚਲਨ ਨੂੰ ਸੌਦੇਬਾਜ਼ੀ ਦੇ ਰਾਹੀਂ ਰਜ਼ਾਮੰਦੀ ਕਿਹਾ ਜਾਂਦਾ ਹੈ। ਇਕ ਡਿਫੈਂਸ ਲੋਯਰ ਅਤੇ ਕ੍ਰਾਉਨ ਅਟਾਰਨੀ ਦੇ ਵਿਚਾਲੇ ਦੀ ਇਹ ਕਾਰਜ-ਪ੍ਰਣਾਲੀ ਇਕ ਮੁਕੱਦਮਾਂ ਚਲਾਉਣ ਤੋਂ ਪਰਹੇਜ਼ ਕਰਦੇ ਹੋਇਆਂ ਇਕ ਬੱਚੇ/ਬੱਚੀ ਨੂੰ ਬਿਆਨ ਦੇਣ ਤੋਂ ਛੁੱਟਕਾਰਾ ਮਿਲ ਜਾਂਦਾ ਹੈ।

.

ਇਕ ਕ੍ਰਾਉਨ ਅਟਾਰਨੀ ਇਸਦੀ ਬਾਬਤ ਤੁਹਾਡੇ ਅਤੇ ਤੁਹਾਡੇ ਬੱਚੇ/ਬੱਚੀ ਦੇ ਨਾਲ ਗੱਲ-ਬਾਤ ਕਰ ਸਕਦਾ/(ਦੀ) ਹੈ, ਫੇਰ ਵੀ, ਇਸ ਨਿਪਟਾਰੇ ਦੇ ਲਈ ਅਜਿਹੀ ਪੇਸ਼ਕਸ਼ ਕਰਨਾਂ ਅੰਤ ਵਿਚ ਕ੍ਰਾਉਨ ਅਟਾਰਨੀ ਦਾ ਫੈਸਲਾ ਹੋਏਗਾ।

## ਟੈਸਟਿਮੋਨਿਅਲ ਏਡਸ (ਗਵਾਹੀ ਦੇਣ ਦੇ ਲਈ ਸਹੂਲਤਾਂ)

ਦੀ *ਕ੍ਰਿਮਿਨਲ ਕੋਡ ਔਫ ਕੈਨੇਡਾ* ਦੇ ਵਿਚਾਲੇ ਅਜਿਹੇ ਪ੍ਰਬੰਧ-ਭੰਡਾਰ ਦਿੱਤੇ ਗਏ ਹਨ ਜੋ ਇਕ ਬੱਚੇ/ਬੱਚੀ ਦੀ ਗਵਾਹੀ ਦੇਣ ਦੇ ਵੇਲੇ ਉਸ ਦੇ ਉਤੇ ਘੱਟ ਬੋਝ ਪਾਏਗਾ। ਇਨ੍ਹਾਂ ਨੂੰ *ਟੈਸਟਿਮੋਨਿਅਲ ਏਡਸ* ਕਰਕੇ ਜਾਣੇਆਂ ਜਾਂਦਾ ਹੈ। ਤੁਹਾਡੇ ਬੱਚੇ/ਬੱਚੀ ਦੇ ਲਈ ਕ੍ਰਾਉਨ ਅਟਾਰਨੀ ਹੇਠਾਂ ਦਿੱਤੇਆਂ ਵਿਚੋਂ ਕਿਸੇ ਵੀ ਟੈਸਟਿਮੋਨਿਅਲ ਏਡਸ ਦੀ ਬਾਬਤ ਵਿਚਾਰ-ਵਟਾਂਦਰਾ ਕਰ ਸਕਦਾ/(ਦੀ) ਹੈ, ਭਾਵੇਂ ਇਕ ਅੰਤਮ ਫੈਸਲਾ ਜੱਜ ਦਾ ਹੀ ਹੁੰਦਾ ਹੈ:

• ਇਕ ਬੰਦ ਦਾਇਰੇ ਦੇ ਵਿਚ ਟੀ ਵੀ, ਜੋ ਤੁਹਾਡੇ ਬੱਚੇ/ਬੱਚੀ ਨੂੰ ਕਚਹਿਰੀ ਦੇ ਬਾਹਰੋਂ ਗਵਾਹੀ ਦੇਣ ਦੇ ਯੋਗ ਕਰੇਗਾ;

• ਇਕ ਅਜਿਹਾ ਪਰਦਾ ਜੋ ਦੋਸ਼ਿਤ ਨੂੰ ਤੁਹਾਡੇ ਬੱਚੇ/ਬੱਚੀ ਦੀ ਨਜ਼ਰ ਤੋਂ ਓਹਲੇ ਰੱਖੇ (ਬਹੁਤ ਸਾਰੇ ਬੱਚਿਆਂ ਦੇ ਲਈ ਦੋਸ਼ਿਤ ਉਲੰਘਣਾਕਾਰ ਨੂੰ ਵੇਖਣਾਂ ਬਹੁਤ ਡਰ ਦਾ ਸਬੱਬ ਹੁੰਦਾ ਹੈ);

• ਜਨਤਾ ਦਾ ਕਚਹਿਰੀ-ਕਮਰੇ ਦੇ ਵਿਚੋਂ ਨਿਕਾਲਾ (ਕਾਰਵਾਈ ਦੇ ਦੌਰਾਨ ਕਿਸੇ ਵੀ ਵੇਲੇ, ਜੱਜ ਇਹ ਹੁਕਮ ਜਾਰੀ ਕਰ ਸਕਦਾ/(ਦੀ) ਹੈ ਕਿ ਦਰਸ਼ਕ ਕਚਹਿਰੀ-ਕਮਰੇ ਦੇ ਵਿਚੋਂ ਚਲੇ ਜਾਣ);

• ਤੁਹਾਡੇ ਬੱਚੇ/ਬੱਚੀ ਦੇ ਨਾਂ ਨੂੰ ਪ੍ਰਕਾਸ਼ਨ ਕਰਨ ਦੇ ਉਤੇ ਮਨਾਹੀ;

• ਛਾਣ-ਬੀਣ ਦੇ ਇੰਟਰਵਿਊ ਦੀ ਰਿਕਾਰਡਿੰਗ ਨੂੰ ਦਰਸਾਉਣ ਦੀ ਪ੍ਰਵਾਨਗੀ, ਜਦੋਂ ਤਕ ਕਿ ਬੱਚਾ/ਬੱਚੀ ਇਸਦੇ ਵਿਸ਼ੇ-ਵਸਤੂਆਂ ਨੂੰ ਅਪਨਾਉਂਦਾ/(ਦੀ) ਹੈ ਅਤੇ ਜਿਰ੍ਹਾ (ਕ੍ਰੌਸ-ਇਗਜ਼ਾਮਿਨੇਸ਼ਨ) ਦੇ ਲਈ ਉਪਲੱਬਧ ਹੈ (ਵੇਖੋ ਅਧਿਆਇ 4, "ਇੰਟਰਵਿਊ ਦੀ ਰਿਕਾਰਡਿੰਗ ਕਰਨੀਂ'); ਅਤੇ/ਜਾਂ

• ਇਕ ਸਹਾਇਤਾ-ਬਲ ਪ੍ਰਦਾਨ ਕਰਨ ਵਾਲਾ/ਵਾਲੀ ਵਿਅਕਤੀ ਜੋ ਕਟਹਿਰੇ ਵਿਚ ਬੱਚੇ/ਬੱਚੀ ਦੇ ਕੋਲ ਬੈਠੇ ਜਾਂ ਖੜਾ/ਖੜੀ ਰਹੇ (ਜੇ ਇਹ ਸਹਾਇਤਾ-ਬਲ ਪ੍ਰਦਾਨ ਕਰਨ ਵਾਲਾ/ਵਾਲੀ ਵਿਅਕਤੀ ਇਕ ਗਵਾਹ ਹੈ, ਤਾਂ ਇਵੇਂ ਹੋ ਸਕਦਾ ਹੈ ਕਿ ਉਸਨੂੰ ਬੱਚੇ/ਬੱਚੀ ਦੀ ਗਵਾਹੀ ਦੇਣ ਦੇ ਵੇਲੇ ਕਚਹਿਰੀ-ਕਮਰੇ ਦੇ ਬਾਹਰ ਰਹਿਣਾਂ ਪਏ)।

ਬੱਚਿਆਂ ਦੇ ਲਈ ਅਜਿਹੀਆਂ ਹੋਰ ਵੀ ਸਹਾਇਤਾ-ਬਲ ਅਤੇ ਏਡਸ ਹੈ ਹਨ ਜੋ ਕਾਨੂੰਨ ਦੇ ਵਿਚ ਸ਼ਾਮਲ ਨਹੀਂ ਹਨ। ਤੁਸੀ ਅਤੇ ਕ੍ਰਾਉਨ ਅਟਾਰਨੀ ਆਪਸ ਵਿਚ ਵਿਚਾਰ-ਵਟਾਂਦਰਾ ਕਰ ਸਕਦੇ ਹੋ, ਜੇਕਰ ਹੇਠਾਂ ਲਿਖਿਆਂ ਵਿਚੋਂ ਕੋਈ ਇਕ ਤੁਹਾਡੇ ਬੱਚੇ/ਬੱਚੀ ਦੇ ਬਿਆਨ ਦੇਣ ਵਿਚ ਸਹਾਇਕ ਹੋ ਸਕਦੇ ਹਨ:

• ਤੁਹਾਡੇ ਬੱਚੇ/ਬੱਚੀ ਦੀਆ ਰੋਜ਼ਾਨਾਂ ਦੀ ਰੁਟੀਨ ਦੇ ਅਨੁਕੂਲ ਹੋਣਾਂ ( ਜਿਵੇਂ ਕਿ, ਦਿਨ ਦੇ ਵੇਲੇਆਂ ਦੇ ਵਿਚਾਲੇ ਸੋਣਾਂ, ਸਕੂਲ ਦੀ ਅਨੁਸੂਚੀ) ਅਤੇ ਧਿਆਨ ਲਗਾਉਣ ਦਾ ਵਿਸਤਾਰ;

• ਬੱਚੇ ਗਵਾਹਾਂ ਦੇ ਲਈ ਇਕ ਬੱਚਾ-ਅਨੁਕੂਲ ਇੰਤਜ਼ਾਰ ਕਮਰਾ;

• ਸੰਚਾਰ ਸਹਾਇਤਾਵਾਂ ਦੀ ਵਰਤੋਂ ਕਰਨੀਂ (ਜਿਵੇਂ ਕਿ, ਡ੍ਰਾਇੰਗਸ, ਲਿਖਤਾਂ, ਤਸਵੀਰਾਂ, ਇਕ ਮਾਇਲ੍ਰੋਫੋਨ);

• ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਲਈ ਸੁਧਾਈਆਂ (ਜਿਵੇਂ ਕਿ, ਬੋਲ੍ਹਾਪਣ, ਗੂੰਗਾਪਣ ਵਿਕਾਸ

ਵਿਚ ਦੇਰੀ, ਸ਼ਰੀਰਕ ਅਯੋਗਤਾ, ਅਤੇ/ਜਾਂ ਪੁਰਾਣੇਂ ਰੋਗ) ਜਿਨ੍ਹਾਂ ਵਿਚ ਅਜਿਹੇ ਵਿਅਕਤੀਆਂ ਨੂੰ ਸੱਦਣਾਂ ਸ਼ਾਮਲ ਹੈ ਜੋ ਸੰਚਾਰ ਵਿਚ ਰੁਕਾਵਟਾਂ ਦੇ ਉਤੇ ਕਾਬੂ ਪਾਉਣ ਵਿਚ ਸਹਾਇਤਾ ਕਰ ਸਕਦੇ ਹਨ;

• ਇਕ ਉੱਚੀ (ਬੂਸਟਰ) ਕੀਤੀ ਹੋਈ ਬੈਠਣ ਵਾਲੀ ਸੀਟ;

• ਤੁਹਾਡੇ ਬੱਚੇ/ਬੱਚੀ ਨੂੰ ਇਕ ਸੁਖਦਾਇਕ ਵਸਤੂ ਨੂੰ ਫੜਨ ਦੀ ਅਨੁਮਤਿ ਦੇਣਾਂ
(ਜਿਵੇਂ ਕਿ ਉਨੀ ਕੱਪੜੇ ਆਦਿ ਨਾਲ ਭਰੇਆ ਹੋਏਆ ਇਕ ਜਾਨਵਰ ਜਾਂ ਕੰਬਲ); ਅਤੇ/ਜਾਂ

• ਇਕ ਗੁਸਲਖਾਨੇਂ ਨੂੰ ਜਾਣ ਲਈ ਜਾਂ ਹਲਕਾ ਭੋਜਨ (ਸਨੈਕ) ਖਾਣ ਲਈ ਥੋੜੀਆਂ ਛੁੱਟੀਆਂ।

• ਬਹੁਤੇ ਲੋਕਾਂ ਦੇ ਲਈ ਇਕ ਕਾਨੂੰਨੀ ਕਾਰਜ-ਪ੍ਰਣਾਲੀ ਉਲਝਵੀਂ ਅਤੇ ਦਬਾਉਜਨਕ ਹੋ ਸਕਦੀ ਹੈ। ਜੇਕਰ ਤੁਹਾਡੇ ਕੋਲ ਕੋਈ ਪ੍ਰਸ਼ਨ ਹਨ ਤਾਂ ਪੁਲੀਸ, ਕ੍ਰਾਉਨ ਅਟਾਰਨੀ ਜਾਂ ਵਿਕਟਿਮ ਵਿਟਨੈਸ ਕੋਆਰਡੀਨੇਟਰ ਕੋਲੋਂ ਪੁੱਛੋ।

**ਇਕ ਅਪਰਾਧੀ ਕਚਹਿਰੀ ਦੇ ਸੰਭਵ ਸਿੱਟੇ**

ਹਰ ਇਕ ਕੇਸ ਜੋ ਕਚਹਿਰੀ ਦੇ ਵਿਚ ਆਉਦਾ ਹੈ ਉਸਦਾ ਨਿਆਂ-ਫੈਸਲਾ ਪੇਸ਼ ਕੀਤੇ ਹੋਏ ਸਬੂਤਾਂ/ਬਿਆਨਾਂ ਦੇ ਉਤੇ ਅਧਾਰਿਤ ਹੁੰਦਾ ਹੈ ਅਤੇ ਇਕ ਸਿੱਟੇ ਦਾ ਨਿਰਧਾਰਣ ਕਰਨ ਲਈ ਕੋਈ ਸੂਤਰ ਹੋਂਦ ਵਿਚ ਨਹੀਂ ਹੈ। ਇਕ ਜੱਜ ਜਾਂ ਜੂਰੀ ਪੇਸ਼ ਕੀਤੇ ਗਏ ਸਾਰੇ ਸਬੂਤਾਂ/ਬਿਆਨਾਂ ਦੇ ਉਤੇ ਵਿਚਾਰ ਕਰਨਗੇ। ਇਕ ਦੋਸ਼ਿਤ ਉਲੰਘਣਾਕਾਰ ਨੂੰ (ਇਕ ਸੰਤੁਲਿਤ ਸ਼ੱਕ ਤੋਂ ਵਾਧੇ ਵਿਚ) ਦੋਸ਼ੀ ਪਾਇਆ ਜਾ ਸਕਦਾ ਹੈ, ਜਾਂ ਕਿ ਦੋਸ਼ੀ ਨਹੀਂ (ਇਕ ਜੱਜ ਜਾਂ ਜੂਰੀ ਨੂੰ ਇਕ ਸੰਤੁਲਿਤ ਸ਼ੱਕ ਹੈ)। ਜੇ ਦੋਸ਼ੀ ਪਾਇਆ ਜਾਂਦਾ ਹੈ ਤਾਂ ਜੱਜ ਇਹ ਫੈਸਲਾ ਕਰੇਗਾ/(ਗੀ) ਕਿ ਇਸ ਦੋਸ਼ਿਤ ਦੇ ਅਪਰਾਧੀ ਵਤੀਰੇ ਦੇ ਵਿਰੁੱਧ ਇਕ ਉਚਿਤ ਦੰਡ ਕੀ ਹੈ। ਇਸਨੂੰ ਦੰਡ (ਸੈਨਟੈਂਸ) ਕਹਿੰਦੇ ਹਨ। ਸੰਭਵ ਦੰਡਾਂ ਵਿਚ ਹੇਠਾਂ ਲਿਖੇਆਂ ਦੇ ਵਿਚੋਂ ਕੋਈ ਇਕ, ਜਾਂ ਇਨ੍ਹਾਂ ਦੇ ਸੰਗਠਨ ਵਿਚ ਹੋ ਸਕਦੀਆਂ ਹਨ:

• ਇਕ ਕੈਦ ਦੇ ਵਿਚ ਸਮਾਂ ਬਤੀਤ ਕਰਨਾਂ (ਇਨਕਾਰਸਿਰੇਸ਼ਨ);

• ਨਿਗਰਾਨੀਂ ਦੇ ਹੇਠਾਂ ਆਜ਼ਾਦੀ (ਪ੍ਰੋਬੇਸ਼ਨ) (ਆਮ ਤੌਰ ਤੇ ਇਕ ਪ੍ਰੋਬੇਸ਼ਨ ਅਧਿਕਾਰੀ ਦੇ ਅੱਗੇ ਹਾਜ਼ਰੀਆਂ ਦੇਣੀਆਂ, ਜਾਂ ਬੱਚੇ/ਬੱਚੀ ਦੇ ਨਾਲ ਕੋਈ ਸੰਪਰਕ ਨਹੀਂ ਕਰਨਾਂ);

• ਸ਼ਰਤਾਂ ਦੇ ਹੇਠਾਂ ਦੰਡ (ਕੰਡੀਸ਼ਨਲ ਸੈਨਟੈਂਸ) (ਕਮਿਉਨਿਟੀ ਦੇ ਵਿਚਾਲੇ ਹੀ ਭੋਗੇਆ ਜਾਂਦਾ ਹੈ, ਆਮ ਤੌਰ ਤੇ ਇਕ ਘਰ ਦੇ ਵਿਚਾਲੇ ਹੀ ਗ੍ਰਿਫਤਾਰੀ ਜਾਂ ਕਰਫਿਊ; ਜੇਕਰ ਉਲੰਘਣਾਕਾਰ ਪਾਲਣ ਨਹੀਂ ਕਰਦਾ/(ਦੀ), ਉਹ ਕੈਦ ਵਿਚ ਜਾ ਸਕਦਾ/(ਦੀ) ਹੈ);

• ਇਕ ਹਰਜਾਨਾ ਭਰਨਾ;

• ਇਕ ਕਮਿਉਨਿਟੀ ਸੇਵਾ ਨੂੰ ਪੂਰੀ ਤਰਾਂ ਕਰਨਾਂ; ਅਤੇ/ਜਾਂ

• ਇਕ ਥੇਰਾਪੀ ਜਾਂ ਕੋਂਸਲਿੰਗ ਤੇ ਜਾ ਕੇ ਲਗਾਤਾਰ ਹਾਜ਼ਰੀ ਦੇਣੀਂ।

**ਵਿਕਟਿਮ ਇਮਪੈਕਟ ਸਟੇਟਮੈਂਟ (ਜ਼ੁਲਮ ਦੇ ਸ਼ਿਕਾਰ ਉਤੇ ਪ੍ਰਭਾਉਆਂ ਦਾ ਬਿਆਨ-ਨਾਮਾਂ)**

ਜੇ ਇਕ ਮੁਕੱਦਮੇਂ ਦਾ ਸਿੱਟਾ ਇਕ ਦੋਸ਼-ਸਿੱਧੀ ਨਿੱਕਲਦਾ ਹੈ ਜਾਂ ਦੋਸ਼ਿਤ ਉਲੰਘਣਾਕਾਰ ਇਕ ਦੋਸ਼-ਸਵਿਕਾਰ (ਗਿਲਟੀ ਪਲੀਅ) ਕਰ ਲੈਂਦਾ/ਲੈਂਦੀ ਹੈ ਤਾਂ ਇਕ ਪੁਲੀਸ ਅਧਿਕਾਰੀ ਤੁਹਾਨੂੰ ਅਤੇ/ਜਾਂ ਤੁਹਾਡੇ ਬੱਚੇ/ਬੱਚੀ ਨੂੰ ਇਕ *ਵਿਕਟਿਮ ਇਮਪੈਕਟ ਸਟੇਟਮੈਂਟ* ਦਾ ਫਾਰਮ ਪ੍ਰਦਾਨ ਕਰੇਗਾ/(ਗੀ)।

ਇਹ ਵਿਕਟਿਮ ਇਮਪੈਕਟ ਸਟੇਟਮੈਂਟ ਦੁਰ-ਵਰਤੋਂ ਦੇ ਭਾਵਨਾਤਮਕ ਅਤੇ ਸ਼ਰੀਰਕ ਪ੍ਰਭਾਵਾਂ ਨੂੰ ਪ੍ਰਗਟ ਕਰਨ ਦਾ ਇਕ ਅਵਸਰ ਪ੍ਰਦਾਨ ਕਰਦੀ ਹੈ। ਇਸ ਖਾਲੀ-ਸਥਾਨਾਂ-ਨੂੰ-ਭਰਨ ਦੀ ਪ੍ਰਕਾਰ ਦੇ ਫਾਰਮ ਨੂੰ ਭਰਨਾਂ, ਪੂਰੀ ਤਰਾਂ ਨਾਲ ਇਕ ਸਵੈ-ਇੱਛਤ ਹੁੰਦਾ ਹੈ। ਇਕ ਵਿਕਟਮ ਵਿਟਨੈਸ ਅਸਿੱਸਟੈਂਟ ਪ੍ਰੋਗਰਾਮ ਜਾਂ ਟੋਰਾਂਟੋ ਐਬਿਯੂਜ਼ ਸੈਂਟਰ ਇਸ ਫਾਰਮ ਨੂੰ ਭਰਨ ਵਿਚ ਤੁਹਾਡੀ ਸਹਾਇਤਾ ਕਰ ਸਕਦੇ ਹਨ।

ਜੇ ਤੁਸੀ ਇਸ ਫਾਰਮ ਨੂੰ ਭਰਨ ਦੀ ਚੋਣ ਕਰਦੇ ਹੋ ਤਾਂ ਕ੍ਰਾਉਨ ਅਟਾਰਨੀ ਇਸ ਵਿਕਟਿਮ ਇਮਪੈਕਟ ਸਟੇਟਮੈਂਟ ਨੂੰ ਦੰਡ ਦੇ ਉਦੇਸ਼ ਲਈ ਪ੍ਰਯੋਗ ਕਰਨ ਦੀ ਬਾਬਤ ਵਿਚਾਰ ਜ਼ਰੂਰ ਕਰੇਗਾ/(ਗੀ)। ਇਹ ਵਿਕਟਿਮ ਇਮਪੈਕਟ ਸਟੇਟਮੈਂਟਾਂ ਇਕ ਡਿਫੈਂਸ ਲੋਯਰ ਨੂੰ ਵੀ ਦਿੱਤੀਆਂ ਜਾਂਦੀਆਂ ਹਨ। ਜ਼ੁਲਮ ਦੇ ਸ਼ਿਕਾਰ(ਰਾਂ) ਕੋਲ ਇਸ ਸਟੇਟਮੈਂਟ ਨੂੰ ਕਚਹਿਰੀ ਦੇ ਅੱਗੇ ਪੜ੍ਹਨ ਦਾ ਅਧਿਕਾਰ ਹੁੰਦਾ ਹੈ। ਭਾਵੇਂ ਅਜਿਹਾ ਸ਼ਇਦ ਨਾਂ ਹੋਏ, ਪਰ ਇਸ ਵਿਕਟਿਮ ਇਮਪੈਕਟ ਸਟੇਟਮੈਂਟ ਦੇ ਵੇਰਵੇ ਦੀ ਬਾਬਤ ਜ਼ੁਲਮ ਦੇ/ਦੀ ਸ਼ਿਕਾਰ ਦੀ ਜਿਰ੍ਹਾ ਇਕ ਡਿਫੈਂਸ ਲੋਯਰ ਕਰ ਸਕਦਾ/(ਦੀ) ਹੈ।

**ਇਕ ਦੋਸ਼ਿਤ ਨੂੰ ਦੰਡ ਸੁਣਾਉਣ ਦੇ ਵੇਲੇ, ਜੱਜ ਕੋਈ ਵੀ ਵਿਕਟਿਮ ਇਮਪੈਕਟ ਸਟੇਟਮੈਂਟਾਂ ਨੂੰ ਵਿਚਾਰ ਵਿਚ ਲੈ ਸਕਦਾ/(ਦੀ) ਹੈ।**

**ਇਕ ਮੁਕੱਦਮਾਂ ਮੁੱਕ ਜਾਣ ਦੇ ਬਾਅਦ ਤੁਹਾਡੇ ਬੱਚੇ/ਬੱਚੀ ਦੇ ਨਾਲ ਗੱਲ-ਬਾਤ ਕਰਨੀਂ**

ਤੁਹਾਡੇ ਬੱਚੇ/ਬੱਚੀ ਨੂੰ ਇਹ ਮੁੜ-ਵਿਸ਼ਵਾਸ ਦਿਲਾਉਣਾਂ ਜ਼ਰੂਰੀ ਹੈ ਕਿ ਇਹ ਉਸਦੀ ਜ਼ਿੰਮੇਵਾਰੀ ਨਹੀਂ ਹੈ ਕਿ ਇਕ ਦੋਸ਼ਿਤ ਉਲੰਘਣਾਕਾਰ ਦੇ ਉਤੇ ਦੋਸ਼-ਸਿੱਧੀ ਹੁੰਦੀ ਹੈ ਜਾਂ ਨਹੀਂ; ਉਹ ਪਾਤਰ ਬਾਲਗ਼ਾਂ ਦਾ ਹੈ। ਜੇ ਇਕ ਦੋਸ਼ਿਤ ਨੂੰ ਦੋਸ਼ੀ ਨਹੀਂ ਪਾਇਆ ਜਾਂਦਾ, ਇਸਦਾ ਵਿਸ਼ੇਸ਼ ਕਰਕੇ ਇਹ ਮਤਲਬ ਨਹੀਂ ਹੁੰਦਾ ਕਿ ਜੋ ਕੁਝ ਵੀ ਤੁਹਾਡੇ ਬੱਚੇ/ਬੱਚੀ ਨੇਂ ਕਿਹਾ ਸੀ, ਇਕ ਜੱਜ/ਜੂਰੀ ਨੇਂ ਉਸਦਾ ਵਿਸ਼ਵਾਸ ਨਹੀਂ ਕੀਤਾ। ਇਕ ਕੇਸ ਦੇ ਸਿੱਟੇ ਦਾ ਨਿਰਧਾਰਣ ਕਰਨ ਦੇ ਵਿਚ, ਇਕ ਬੱਚੇ/ਬੱਚੀ ਦੀ ਗਵਾਹੀ ਕੇਵਲ ਇਕ ਹਿੱਸਾ ਹੀ ਹੈ।

ਤੁਹਾਡੇ ਬੱਚੇ/ਬੱਚੀ ਦੀ ਜ਼ਿੰਮੇਵਾਰੀ ਸੱਚ ਬੋਲਣਾਂ ਸੀ। ਇਸ ਕਾਨੂੰਨੀ ਕਾਰਜ-ਪ੍ਰਣਾਲੀ ਦੇ ਵਿਚ ਹਿੱਸਾ ਲੈਣ ਦੇ ਲਈ ਉਸਦੀ ਹਿੰਮਤ ਦੀ ਸਿਫਤ ਪੇਸ਼ ਕਰੋ।

ਇਕ ਵਾਰੀ ਜਦੋਂ ਕਚਹਿਰੀ ਮੁੱਕ ਜਾਂਦੀ ਹੈ, ਇਕ ਟੀਚਾ ਇਹ ਹੁੰਦਾ ਹੈ ਕਿ ਤੁਸੀ ਆਪਣੇਂ ਬੱਚੇ/ਬੱਚੀ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਇਕ ਸਿਹਤਮੰਦ ਜੀਵਨ ਲਈ ਅੱਗੇ ਵਧਣ ਵਿਚ ਸਹਾਇਤਾ ਕਰੋ।



7

## ਸਹਾਇਤਾ-ਬਲ ਅਤੇ ਇਲਾਜ ਸੇਵਾਵਾਂ

ਇਕ ਲਿੰਗਕ ਦੁਰ-ਵਰਤੋਂ ਦੇ ਪ੍ਰਭਾਵ ਅਤੇ ਇਸਦੇ ਬਾਅਦ ਹੋਣ ਵਾਲੀਆਂ ਘਟਨਾਵਾਂ ਤੁਹਾਡੇ ਟੱਬਰ ਦੇ ਉਤੇ ਬੜੇ ਤਰੀਕੇਆਂ ਦੇ ਨਾਲ ਪ੍ਰਭਾਵ ਪਾ ਸਕਦੀਆਂ ਹਨ। ਇਕ ਸਿਖਲਾਈ-ਪ੍ਰਾਪਤ ਪੇਸ਼ਾਵਰ ਦੇ ਵਲੋਂ ਦਿੱਤੀ ਜਾਣ ਵਾਲੀ ਕੌਂਸਲਿੰਗ (ਜਿਸਨੂੰ ਇਕ ਇਲਾਜ ਜਾਂ ਥੈਰਾਪੀ ਵੀ ਦਰਸਾਇਆ ਜਾਂਦਾ ਹੈ) ਦੁਰ-ਵਰਤੋਂ ਦੇ ਆਲੇ-ਦੁਆਲੇ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਅਤੇ ਅਣ-ਉੱਤਰਿਤ ਪ੍ਰਸ਼ਨਾਂ ਨੂੰ ਸੁਲਝਾਉਣ ਦੇ ਲਈ ਇਕ ਸੁਰੱਖਿਅਤ ਸਥਾਨ ਪੇਸ਼ ਕਰਦੀ ਹੈ। ਇਕ ਮਾਂ/ਪਿਉ ਜਾਂ ਦੇਖ-ਭਾਲ ਕਰਨ ਵਾਲਾ/ਵਾਲੀ ਹੁੰਦੇ ਹੋਇਆਂ ਤੁਹਾਡੀਆਂ ਆਪਣੀਆਂ ਅਤੇ ਤੁਹਾਡੇ ਬੱਚੇ/ਬੱਚੀ ਦੀਆਂ ਭਾਵਨਾਵਾਂ ਅਤੇ ਲੋੜਾਂ ਦੇ ਨਾਲ ਸਿੱਝਣਾਂ ਬੜਾ ਹੀ ਔਖਾ ਹੋ ਸਕਦਾ ਹੈ। ਅਜਿਹੀਆਂ ਭਾਵਨਾਵਾਂ ਬਹੁਤ ਹੀ ਤੀਬਰ ਹੋ ਸਕਦੀਆਂ ਹਨ। ਇਹ ਵਿਸ਼ੇਸ਼ਤਾ ਨਾਲ ਤਦ ਸੱਚ ਹੁੰਦਾ ਹੈ ਜਦੋਂ ਕਿ ਤੁਹਾਡਾ/(ਡੀ) ਪਤਿ/ਪਤਨੀਂ ਜਾਂ ਤੁਹਾਡੇ ਟੱਬਰ ਦਾ/ਦੀ ਇਕ ਮੈਂਬਰ ਹੀ ਦੋਸ਼ਿਤ ਉਲੰਘਣਾਕਾਰ ਹੁੰਦਾ/ਹੁੰਦੀ ਹੈ। ਅਜਿਹੇ ਹਾਲਾਤਾਂ ਵਿਚ ਵਫ਼ਾਦਾਰੀ ਦੇ ਮਾਮਲੇ ਉੱਭਰ ਆਉਂਦੇ ਹਨ ਜੋ ਕਿ ਬੜੇ ਹੀ ਗੜਬੜਦਾਇਕ ਹੋ ਸਕਦੇ ਹਨ।

ਇਕ ਦੋਸ਼ ਜਾਂ ਸ਼ੱਕ ਕਿ ਤੁਹਾਡੇ ਬੱਚੇ/ਬੱਚੀ ਦੇ ਨਾਲ ਲਿੰਗਕ ਦੁਰ-ਵਰਤੋਂ ਕੀਤੀ ਗਈ ਹੈ, ਇਕ ਅਜਿਹੀ ਮਾਂ/ਪਿਉ ਜਾਂ ਦੇਖ-ਭਾਲ ਕਰਨ ਵਾਲੇ/ਵਾਲੀ ਦੇ ਉਤੇ ਹੋਰ ਵੀ ਵਧੇਰੇ ਪ੍ਰਭਾਵ ਪਾਉਦੀ ਹੈ ਜਿਸਦੇ ਨਾਲ ਲਿੰਗਕ ਦੁਰ-ਵਰਤੋਂ ਵਾਪਰੀ ਹੋਈ ਹੋਏ, ਵਿਸ਼ੇਸ਼ਤਾ ਨਾਲ ਜਦੋਂ ਇਸਦਾ ਭੇਦ ਨਹੀਂ ਖੋਲੇਆ ਗਿਆ ਸੀ। ਕੁਝ ਅਜਿਹੇ ਅਣ-ਸੁਲਝਾਏ ਮਾਮਲੇ ਹੋ ਸਕਦੇ ਹਨ ਜਿਨ੍ਹਾਂ ਦੇ ਵਿਚੋਂ ਦੀ ਮੁੜ-ਗੁਜ਼ਰਨਾਂ ਪੈਂਦਾ ਹੈ। ਇਹ ਤੁਹਾਡੇ ਬੱਚੇ/ਬੱਚੀ ਅਤੇ ਟੱਬਰ ਦੇ ਦੂਜੇ ਮੈਂਬਰਾਂ ਦੀ ਸਹਾਇਤਾ ਕਰਨ ਵਿਚ ਤੁਹਾਡੀ ਯੋਗਤਾ ਦੇ ਉਤੇ ਪ੍ਰਭਾਵ ਪਾ ਸਕਦੇ ਹਨ। ਜੇ ਤੁਸੀ ਇਕ ਦੁਰ-ਵਰਤੋਂ ਦਾ ਸ਼ਿਕਾਰ ਰਹਿ ਚੁਕੇ ਹੋ ਤਾਂ ਇਹ ਇਕ ਸਮਾਂ ਹੈ ਕਿ ਤੁਸੀ ਆਪਣੇਂ ਆਪ ਦੇ ਲਈ ਇਕ ਵਿਅਕਤੀਗਤ ਕੌਂਸਲਿੰਗ ਲੈਣ ਦੀ ਬਾਬਤ ਵਿਚਾਰ ਕਰੋ।

## ਕੌਂਸਲਿੰਗ ਦੇ ਫਾਇਦੇ

ਇਕ ਲਿੰਗਕ ਦੁਰ-ਵਰਤੋਂ ਦੀ ਬਾਬਤ *ਚਿਲਡਰੰਸ ਏਡ ਸੋਸਾਇਟੀ* (ਸੀ ਏ ਐਸ) ਜਾਂ ਪੁਲੀਸ ਨੂੰ ਛੱਡ ਕੇ ਦੂਜੇ ਲੋਕਾਂ ਨੂੰ ਦੱਸਣ ਦੇ ਲਈ ਇਕ ਸਾਵਧਾਨ ਸੋਚ-ਵਿਚਾਰ ਦੀ ਲੋੜ ਹੈ। ਇਹ ਜ਼ਰੂਰੀ ਹੈ ਕਿ ਤੁਸੀ ਆਪਣੇਂ ਬੱਚੇ/ਬੱਚੀ ਦੇ ਨਾਲ ਇਸ ਵਿਸ਼ੇ ਉਤੇ ਗੱਲ-ਬਾਤ ਕਰੋ ਕਿ ਕਿਸ ਕਿਸਨੂੰ ਦੱਸਣਾਂ ਜ਼ਰੂਰੀ ਹੈ ਅਤੇ ਕਿਉਂ। ਟੱਬਰ, ਸਹੇਲੀਆਂ/ਮਿੱਤਰ, ਅਧਿਆਪਕ ਅਤੇ ਦੂਜੇ ਲੋਕੀ ਇਕ ਬੱਚੇ/ਬੱਚੀ ਦੇ ਵਿਚ ਆਈਆਂ ਹੋਇਆਂ ਤਬਦੀਲੀਆਂ ਦੀ ਬਾਬਤ ਹੈਰਾਨ ਹੋ ਸਕਦੇ ਹਨ, ਅਤੇ ਜੇ ਉਹ ਵਾਪਰੀ ਹੋਈ ਘਟਨਾਂ ਤੋਂ ਜਾਣੂ ਹੋਣ, ਤਾਂ ਸ਼ਾਇਦ ਸਹਾਇਤਾ-ਬਲ ਪੇਸ਼ ਕਰਨ। ਫੇਰ ਵੀ, ਹਰ ਕੋਈ ਇਕ ਉਚਿਤ ਢੰਗ ਨਾਲ ਹੰਗੂਰਾ ਭਰਨ ਦੇ ਯੋਗ ਨਹੀਂ ਹੁੰਦਾ/ਹੁੰਦੀ ਹੈ। ਕਿਸ ਕਿਸ ਨੂੰ ਦੱਸੇਆ ਜਾਣਾਂ ਚਾਹੀਦਾ ਹੈ, ਇਸਦੀ ਬਾਬਤ ਤੁਹਾਡੇ ਬੱਚੇ/ਬੱਚੀ ਦੀਆਂ ਭਾਵਨਾਵਾਂ ਦਾ ਆਦਰ ਕੀਤਾ ਜਾਣਾਂ ਚਾਹੀਦਾ ਹੈ। ਇਕ ਪੇਸ਼ਾਵਰ ਕੌਂਸਲਰ ਇਸਨੂੰ ਸੁਲਝਾਉਣ ਵਿਚ ਤੁਹਾਡੀ ਸਹਾਇਤਾ ਕਰ ਸਕਦਾ/(ਦੀ) ਹੈ।

---

ਕੌਂਸਲਿੰਗ ਤੁਹਾਡੇ ਬੱਚੇ/ਬੱਚੀ ਦੀ ਇਨ੍ਹਾਂ ਵਿਸ਼ੇਆਂ ਵਿਚ ਸਹਾਇਤਾ ਕਰ ਸਕਦੀ ਹੈ:

• ਨੀਂਦ ਟੁੱਟਦੀ ਰਹਿਣ, ਵਤੀਰੇ ਵਿਚ ਤਬਦੀਲੀਆਂ, ਅਤੇ ਡਰ ਦੇ ਰੋਗ-ਲੱਛਣਾਂ ਦੇ ਉਤੇ ਸੰਬੋਧਨ ਕਰਨਾਂ;

• ਕੀ ਕੁਝ ਵਾਪਰੇਆ ਸੀ ਅਤੇ ਅਤੇ ਕਿਉਂ, ਦੀ ਪਛਾਣ ਕਰਨੀਂ ਅਤੇ ਸੰਬੋਧਨ ਕਰਨਾਂ;

• ਗੁੱਸੇ, ਉਦਾਸੀ, ਜ਼ਿੰਮੇਵਾਰੀ ਅਤੇ ਸਵੈ-ਦੋਸ਼ੀ ਜਿਹੀਆਂ ਸੋਚਾਂ ਦੇ ਉਤੇ ਟਟੋਲ ਕਰਨੀਂ;

• ਦੁਰ-ਵਰਤੋਂ ਦੀ ਬਾਬਤ ਗੱਲ-ਬਾਤ ਕਰਨ ਦੇ ਯੋਗ ਵਿਅਕਤੀ ਦੀ ਪਛਾਣ ਕਰਨੀਂ;

• ਸਵੈ-ਮਾਣ ਅਤੇ ਸਵੈ-ਭਰੋਸੇ ਦੇ ਮਾਮਲੇਆਂ ਨੂੰ ਸੁਲਝਾਉਣਾਂ; ਅਤੇ

• ਇਕ ਆਦਰਸ਼ਵਾਦੀ ਭਵਿੱਖ ਦੀ ਆਸ ਰੱਖਣੀਂ।

ਕੌਂਸਲਿੰਗ ਤੁਹਾਡੀ ਅਤੇ ਤੁਹਾਡੇ ਟੱਬਰ ਦੀ ਇਨ੍ਹਾਂ ਵਿਸ਼ੇਆਂ ਵਿਚ ਸਹਾਇਤਾ ਕਰ ਸਕਦੀ ਹੈ:

• ਇਕ ਦੂਜੇ ਨੂੰ ਸਹਾਇਤਾ-ਬਲ ਦੇਣ ਦੀ ਯੋਗਤਾ ਨੂੰ ਪ੍ਰਬਲ ਕਰਦੀ ਹੈ;

• ਸਿਹਤਮੰਦ ਨਿੱਤ-ਨੇਮ ਅਤੇ ਸੁਰੱਖਿਅਤ ਵਾਤਾਵਰਣ;

• ਇਹ ਫੈਸਲਾ ਕਰਨਾਂ ਕਿ ਕਿਸਨੂੰ ਅਤੇ ਕਦੋਂ ਦੱਸਣਾਂ ਹੈ, ਅਤੇ ਕਿਨੀਂ ਕੁ ਜਾਣਕਾਰੀ ਦੀ ਵੰਡ-ਵਰਤੋਂ ਕਰਨੀਂ ਸੁਰੱਖਿਅਤ ਹੈ;

• ਭਾਵਨਾਵਾਂ ਨੂੰ ਸੰਬੋਧਨ ਕਰਨ ਦੇ ਦਾਅ-ਪੇਚਾਂ ਨੂੰ ਵਿਕਾਸਿਤ ਕਰਨਾਂ;

• ਇਹ ਨਿਰਧਾਰਣ ਕਰਨਾਂ ਕਿ ਦੁਰ-ਵਰਤੋਂ ਦੀ ਬਾਬਤ ਭੈਣ-ਭਾਇਆਂ ਨੂੰ ਕਦੋਂ ਦੱਸਣਾਂ ਉਚਿਤ ਹੈ ਅਤੇ ਅਜਿਹਾ ਕਿਵੇਂ ਕਰਨਾਂ ਹੈ;

• ਇਕ ਬੱਚਾ/ਬੱਚੀ ਲਿੰਗਕ ਵਿਕਾਸ ਦੀ ਬਾਬਤ ਸਿੱਖਣਾਂ; ਅਤੇ

• ਇਕ ਜ਼ਿੰਮੇਵਾਰੀ, ਸ਼ਰਮ, ਸਵੈ-ਦੋਸ਼ ਅਤੇ ਭਵਿੱਖ ਵਿਚ ਸੁਰੱਖਿਆ ਦੀ ਬਾਬਤ ਪ੍ਰਤੱਖਣਾਂ ਨੂੰ ਸੰਬੋਧਨ ਕਰਨਾਂ।

**ਇਹ ਫੈਸਲੇ ਕਰਨਾਂ ਕਿ ਕਿਨ੍ਹਾਂ ਪ੍ਰਕਾਰਾਂ ਦੇ ਇਲਾਜ ਅਤੇ ਸਹਾਇਤਾ-ਬਲ ਲੋੜੀਂਦੇ ਹਨ**

ਸਰਵਉੱਤਮ ਪ੍ਰਚਲਨ ਇਹ ਸਲਾਹ ਦਿੰਦੇ ਹਨ ਕਿ ਜਦੋਂ ਬੱਚੇ ਜਾਂ ਯੁਵਕ ਦੁਰ-ਵਰਤੋਂ ਦੇ ਇਕ ਇਤਿਹਾਸ ਭੁਗਤ ਚੁਕੇ ਹੋਣ, ਜਿਸਦੀ ਤਸਦੀਕ ਇਕ ਸੀ ਏ ਐਸ ਜਾਂ ਪੁਲੀਸ ਕਰ ਚੁਕੀ ਹੋਏ, ਤਾਂ ਉਨ੍ਹਾਂ ਦੇ ਮੁੱਲਾਂਕਣ ਅਤੇ/ਜਾਂ ਇਲਾਜ ਕੇਵਲ ਇਕ ਦੁਰ-ਵਰਤੋਂ-ਕੇਂਦ੍ਰਿਤ ਅਧਾਰਾਂ ਦੇ ਉਤੇ ਕੀਤੇ ਜਾਣੇਂ ਚਾਹੀਦੇ ਹਨ।

ਇਕ ਤਸਦੀਕ ਕਰ ਲਏ ਜਾਣ ਤੇ, ਭੇਦ ਖੋਲਣ ਦੇ ਬਾਅਦ, ਜਿਨੀਂ ਵੀ ਜਲਦੀ ਸੰਭਵ ਹੋ ਸਕੇ ਇਕ ਸਰਬਮੁਖੀ ਮੁੱਲਾਂਕਣ ਕੀਤੀ ਜਾਣੀਂ ਚਾਹੀਦੀ ਹੈ। ਇਕ ਮੁੱਲਾਂਕਣ ਇਹ ਨਿਰਧਾਰਣ ਕਰੇਗਾ ਕਿ ਤੁਹਾਡਾ/(ਡੀ) ਬੱਚਾ/ਬੱਚੀ ਇਕ ਲਿੰਗਕ ਦੁਰ-ਵਰਤੋਂ ਦੇ ਤਜਰਬੇ ਦੇ ਨਾਲ ਕਿਵੇਂ ਸਿੱਝ ਰਿਹਾ/ਰਹੀ ਹੈ। ਜਦੋਂ ਇਕ ਮੁੱਲਾਂਕਣ ਪੂਰਾ ਹੋ ਜਾਂਦਾ ਹੈ ਤਾਂ ਤੁਹਾਡੇ ਬੱਚੇ/ਬੱਚੀ ਨੂੰ ਇਲਾਜ ਸਿਫਾਰਿਸ਼ਾਂ ਦਿੱਤਿਆਂ ਜਾ ਸਕਦੀਆਂ ਹਨ। ਜੇ ਇਸ ਕਾਰਜ-ਪ੍ਰਣਾਲੀ ਦੇ ਰਾਹੀਂ ਇਲਾਜ ਦੇ ਸੰਕੇਤ ਕੀਤੇ ਗਏ ਹਨ ਤਾਂ ਇਸਨੂੰ ਤਤਪਰਤਾ ਸਹਿਤ ਆਰੰਭ ਕਰ ਦੇਣਾਂ ਚਾਹੀਦਾ ਹੈ।

ਤੁਹਾਡੇ ਬੱਚੇ/ਬੱਚੀ ਅਤੇ ਟੱਬਰ ਦੇ ਮੈਂਬਰਾਂ ਦੇ ਕੋਲ ਇਲਾਜ ਦੀ ਬਾਬਤ ਸਲਾਹਵਾਂ ਅਤੇ ਭਾਵਨਾਵਾਂ ਹੋ ਸਕਦੀਆਂ ਹਨ। ਉਨ੍ਹਾਂ ਦੀਆਂ ਉਮਰਾਂ ਅਤੇ ਵਿਕਾਸ ਦੀਆਂ ਪੱਧਰਾਂ ਨੂੰ ਵਿਚਾਰ ਦੇ ਵਿਚ ਰੱਖਦੇ ਹੋਇਆਂ, ਇਨ੍ਹਾਂ ਦੇ ਉਤੇ ਵਿਚਾਰ ਕਰਨਾਂ ਜ਼ਰੂਰੀ ਹੈ।

ਟੋਰਾਂਟੋ ਦੇ ਵਿਚ ਕਮਿਉਨਿਟੀ ਇਨਫਰਮੇਸ਼ਨ ਟੋਰਾਂਟੋ, ਕਮਿਉਨਿਟੀ ਦੀਆਂ ਸਾਰੀਆਂ ਏਜੈਂਸੀਆਂ ਦੀ ਬਾਬਤ ਵਿਸ਼ਿੱਸ਼ਟ ਜਾਣਕਾਰੀ ਪ੍ਰਦਾਨ ਕਰਦੀ ਹੈ। 211 ਜਾਂ (416) 397-4636 ਤੇ ਕਾਲ ਕਰੋ, ਜਾਂ ਵੈਬ ਸਾਇਟ www.211Toronto.ca ਤੇ ਚਿਲਡਰੰਸ ਮੈਂਟਲ ਹੈਲਥ ਏਜੈਂਸੀਜ਼ ਅਤੇ ਹੋਰ ਸੰਸਥਾਵਾਂ ਦੇ ਲਈ ਜੋ ਬੱਚਿਆਂ ਅਤੇ ਟੱਬਰਾਂ ਨੂੰ ਸੇਵਾਵਾਂ ਪ੍ਰਦਾਨ ਕਰਦੀਆਂ ਹਨ।



## ਕੋਂਸਲਿੰਗ (ਸਲਾਹ ਮਸ਼ਵਰੇ) ਦੀ ਬਾਬਤ ਚੋਣਾਂ

ਇਕ ਲਿੰਗਕ ਦੁਰ-ਵਰਤੋਂ ਦੀ ਕਿਸਮ, ਤੀਬਰਤਾ ਜਾਂ ਭਾਵੇਂ ਕਿਵੇਂ ਦੀ ਵੀ ਕਿਉਂ ਨਾਂ ਹੋਏ, ਹਰ ਵਿਅਕਤੀ ਇਕ ਦੁਰ-ਵਰਤੋਂ ਦੇ ਪ੍ਰਤਿ ਵਿਲੱਖਣੀਆਂ ਪ੍ਰਤਿਕ੍ਰਆਵਾਂ ਕਰਦਾ/(ਦੀ) ਹੈ। ਇਕ ਮੁੱਲਾਂਕਣ ਹੇਠਾਂ ਲਿਖੇਆਂ ਦੇ ਵਿਚੋਂ ਕਿਸੇ ਇਕ ਜਾਂ ਵਧੇਰੇ ਕੋਂਸਲਿੰਗ-ਚੋਣਾਂ ਦੀ ਸਿਫਾਰਿਸ਼ ਕਰ ਸਕਦੀ ਹੈ।

**ਵਿਅਕਤੀਗਤ ਕੋਂਸਲਿੰਗ** (ਇਕ ਵਿਅਕਤੀ ਇਕ ਥੈਰਾਪਿਸਟ) ਇਕ ਗਾਹਕ ਨੂੰ ਇਕ ਥੈਰਾਪਿਸਟ ਦੇ ਨਾਲ ਨਿੱਜੀ ਤੌਰ ਤੇ ਵਿਚਾਰ-ਵਟਾਂਦਰਾ ਕਰਨ ਅਤੇ ਸੁਲਝਾਉਣ ਦਾ ਅਵਸਰ ਪ੍ਰਦਾਨ ਕਰਦਾ ਹੈ। ਬੱਚਿਆਂ ਅਤੇ ਯੁਵਕਾਂ ਦੀਆਂ ਵਿਅਕਤੀਗਤ ਲੋੜਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਸੰਬੋਧਨ ਕਰਨਾਂ ਜ਼ਰੂਰੀ ਹੁੰਦਾ ਹੈ। ਅਜਿਹੇ ਲੋਕੀ ਜੋ ਇਹ ਸੋਚਦੇ ਹਨ ਕਿ ਉਹ ਆਪਣੇਂ ਤਜਰਬੇਆਂ ਦੀ ਬਾਬਤ ਦੂਜੇਆਂ ਦੇ ਸਾਹਮਣੇਂ ਵਿਚਾਰ-ਵਟਾਂਦਰਾ ਨਹੀਂ ਕਰਨਾਂ ਚਾਹੁੰਦੇ, ਉਨ੍ਹਾਂ ਦੇ ਲਈ ਇਹ ਚੋਣ ਸ਼ਾਇਦ ਚੰਗੀ ਹੋਏਗੀ।

**ਗਰੁੱਪ ਕੋਂਸਲਿੰਗ** ( ਇਕ ਤੋਂ ਵੱਧ ਵਿਅਕਤੀ, ਇਕ ਜਾਂ ਵਧੇਰੇ ਥੈਰਾਪਿਸਟ) ਹਿੱਸਾ ਲੈਣ ਵਾਲੇ/ਵਾਲੀ ਨੂੰ ਮਾਮਲੇਆਂ ਨੂੰ ਕੁਰੇਦਣ, ਜਾਣਕਾਰੀ ਦਾ ਤਬਾਦਲਾ ਅਤੇ ਮਿਲਦੇ-ਜੁਲਦੇ ਤਜਰਬੇਆਂ ਵਿਚੋਂ ਦੀ ਨਿੱਕਲੇ ਹੋਏ ਲੋਕਾਂ ਦੇ ਇਕ ਛੋਟੇ ਜਿਹੇ ਗਰੁੱਪ ਦੇ ਕੋਲੋਂ ਸਿੱਖਣ ਦਾ ਅਵਸਰ ਮਿਲਦਾ ਹੈ। ਸਿਖਲਾਈ-ਪ੍ਰਾਪਤ ਵਿਅਕਤੀ ਵਿਚਾਰ-ਵਟਾਂਦਰੇਆਂ ਅਤੇ ਗਤੀ-ਵਿਧਿਆਂ ਦੀ ਅਗਵਾਈ ਕਰਦੇ ਹਨ। ਲਿੰਗਕ ਦੁਰ-ਵਰਤੋਂ ਦੇ ਤਜਰਬੇ ਭੁਗਤਣ ਵਾਲੇ ਬੱਚੇ ਜਾਂ ਯੁਵਕ ਸ਼ਾਇਦ ਇਹ ਲੱਭਤ ਪਾਉਣ ਕਿ ਇਕ ਗਰੁੱਪ ਕੋਂਸਲਿੰਗ ਇਕ ਵੱਖਰੇਪਣ ਦੀਆਂ ਭਾਵਨਾਵਾਂ ਨੂੰ ਘਟਾਉਣ ਵਿਚ ਸਹਾਇਕ ਹੋ ਸਕਦੀ ਹੈ। ਮਾਂ/ਪਿਉ ਗਰੁੱਪ ਮਾਪਿਆਂ ਅਤੇ ਦੇਖ-ਭਾਲ ਕਰਨ ਵਾਲੇਆਂ ਨੂੰ ਬਹੁਤ ਲੋੜੀਂਦੀ ਸਹਾਇਤਾ-ਬਲ ਅਤੇ ਜਾਣਕਾਰੀ ਪ੍ਰਦਾਨ ਕਰਦੇ ਹਨ।

**ਫ਼ੈਮਲੀ ਕੋਂਸਲਿੰਗ** (ਇਕ ਫ਼ੈਮਲੀ, ਇਕ ਥੈਰਾਪਿਸਟ) ਦੀ ਵਿਉਂਤ ਟੱਬਰ ਦੇ ਮੈਂਬਰਾਂ ਨੂੰ ਦੁਰ-ਵਰਤੋਂ ਦੇ ਪ੍ਰਭਾਵ ਅਤੇ ਟੱਬਰ ਦੇ ਰਿਸ਼ਤੇ-ਸਬੰਧਾਂ ਨੂੰ ਬੇਹਤਰ ਕਰਨ ਦੇ ਲਈ ਕੀਤੀ ਗਈ ਹੈ। ਹਿੱਸਾ ਲੈਣ ਵਾਲੇ ਟੱਬਰ ਦੇ ਮੈਂਬਰਾਂ ਵਿਚ ਇਕ ਦੁਰ-ਵਰਤੋਂ ਦਾ/ਦੀ ਸ਼ਿਕਾਰ ਹੋਇਆ/(ਈ) ਬੱਚਾ/ਬੱਚੀ, ਹਮਦਰਦ ਮਾਪੇ, ਮਾਪੇ, ਭੈਣ-ਭਾਈ, ਅਤੇ-ਜਾਂ ਦੂਜੇ ਰਿਸ਼ਤੇਦਾਰ ਸ਼ਾਮਲ ਹੋ ਸਕਦੇ ਹਨ।

ਇਕ ਥੈਰਾਪਿਸਟ, ਸਾਰੇ ਹੀ ਟੱਬਰ ਦੇ ਨਾਲ ਅਤੇ ਵਿਅਕਤੀਗਤ ਮੈਂਬਰਾਂ ਦੇ ਨਾਲ ਅੱਡੋ-ਅੱਡ ਵੇਲੇਆਂ ਤੇ ਗੱਲ-ਬਾਤ ਕਰ ਸਕਦਾ/(ਦੀ) ਹੈ। ਜਿੱਥੇ ਇਕ ਅਜਿਹਾ ਵੇਲਾ ਆਏ ਕਿ ਇਕ ਦੋਸ਼ਿਤ ਉਲੰਘਣਾਕਾਰ ਨੂੰ ਸ਼ਾਮਲ ਕਰਨਾਂ ਹੈ, ਇਕ ਸਾਵਧਾਨੀ ਦੇ ਨਾਲ ਵਿਚਾਰ ਕਰਨਾਂ ਜ਼ਰੂਰੀ ਹੈ।

ਇਕ **ਬਿਪਤਾ (ਕ੍ਰਾਇਸਿਸ) ਕੋਂਸਲਿੰਗ** ਨੂੰ ਇਕ ਕਮਿਉਨਿਟੀ ਏਜੈਂਸੀਆਂ ਜਾਂ ਤੁਹਾਡੇ ਲੋਕਲ ਹਸਪਤਾਲ ਦੇ ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ। ਇਸਦੇ ਵਾਧੇ ਵਿਚ, ਇਕ ਇਕੱਲੇ/(ਲੀ), ਦੁਖੀ, ਨਿਰਾਸ, ਜਾਂ ਆਤਮ-ਹੱਤਿਆ ਦੀਆਂ ਭਾਵਨਾਵਾਂ ਵਿਚ ਪਏ ਹੋਏ/ਹੋਈ ਦੇ ਲਈ ਜਾਣਕਾਰੀ ਅਤੇ ਸਹਾਇਤਾ-ਬਲ ਪ੍ਰਦਾਨ ਕਰਨ ਲਈ ਟੈਲਿਫੋਨ ਕ੍ਰਾਇਸਿਸ ਸਰਵਸਸ ਦੇ ਕੋਲ 24-ਘੰਟੇਆਂ ਦੇ ਅਧਾਰ ਤੇ ਅੱਕਸਰ ਹੀ ਕੋਂਸਲਰ ਉਪਲਭਧ ਹੁੰਦੇ ਹਨ।

ਸਹਾਇਤਾ-ਬਲ ਅਤੇ ਇਲਾਜ ਪ੍ਰਦਾਨ ਕਰਨ
ਵਾਲੇਆਂ ਦੀ ਲਿੱਸਟ ਪ੍ਰਾਪਤ ਕਰਨ
ਲਈ ਕਿਰਪਾ ਕਰਕੇ ਇਸ ਪੁਸਤਕ ਦੇ
ਪਿੱਛਲੇ ਪਾਸੇ ਦੀ ਜੇਬ ਵਿਚ ਰੱਖੀ ਹੋਈ
ਲਿੱਸਟ ਨੂੰ ਪੜ੍ਹੋ।

## ਇਲਾਜ ਪ੍ਰਦਾਨ ਕਰਨ ਵਾਲੇ

ਜਦੋਂ ਕਿ ਕੁਝ ਇਕ ਇਲਾਜ ਪ੍ਰਦਾਨ ਕਰਨ ਵਾਲੇਆਂ ਦੇ ਕੋਲ ਕੁਝ ਇਕ ਸੇਵਾਵਾਂ ਪ੍ਰਦਾਨ ਕਰਨ ਦਾ ਅਧਿਕਾਰ ਹੁੰਦਾ ਹੈ (ਜਿਵੇਂ ਕਿ, ਇਕ ਦਵਾਈ ਦੇ ਲਈ ਪ੍ਰਿਸਕ੍ਰਿਪਸ਼ਨ ਲਿਖ ਦੇਣਾਂ ਕੇਵਲ ਇਕ ਚਿਕਿਤਸਾ ਡਾਕਟਰ ਤਕ ਹੀ ਸੀਮਿਤ ਹੈ), ਬਹੁਤੀ ਕਿਸਮਾਂ ਦੇ ਥੇਰਾਪਿਸਟਾਂ ਦੇ ਵਲੋਂ ਪ੍ਰਦਾਨ ਕੀਤੇ ਜਾਣ ਵਾਲੇ ਕੌਂਸਲਿੰਗ ਦੇ ਕਾਰਜਾਂ ਦੇ ਵਿਚਾਲੇ ਇਕ ਮਹੱਤਵਪੂਰਣ ਰਲਗੱਡ ਹੈ। ਇਹ ਜ਼ਰੂਰੀ ਹੈ ਕਿ ਜਿਸ ਇਲਾਜ ਪ੍ਰਦਾਨ ਕਰਨ ਵਾਲੇ/ਵਾਲੀ ਨੂੰ ਤੁਸੀ ਚੁਣਦੇ ਹੋ, ਉਹ ਤੁਹਾਡੀਆਂ ਲੋੜਾਂ ਨੂੰ ਪੂਰੇਆਂ ਕਰ ਸਕਦਾ/(ਦੀ) ਹੋਏ।

ਇਕ ਇਲਾਜ ਪ੍ਰਦਾਨ-ਕਰਤਾ ਦੀ ਇਕ ਪ੍ਰਾਇਵੇਟ ਪ੍ਰੈਕਟਿਸ ਹੋ ਸਕਦੀ ਹੈ, ਉਹ ਇਕ ਹਸਪਤਾਲ ਜਾਂ ਕਲਿਨਿਕ ਦੇ ਵਾਤਾਵਰਣ ਵਿਚ, ਜਾਂ ਕਿ ਕਮਿਉਨਿਟੀ ਦੀ ਇਕ ਅਜਿਹੀ ਏਜੈਂਸੀ ਦੇ ਵਿਚ ਕੰਮ-ਕਾਜ ਕਰਦਾ/(ਦੀ) ਹੈ ਜੋ ਕਿ ਬੱਚਿਆਂ ਅਤੇ ਟੱਬਰਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ।

ਭਾਵੇਂ ਇਕ ਇਲਾਜ ਪ੍ਰਦਾਨ-ਕਰਤਾ ਦੀ ਕਾਨੂੰਨੀਂ ਪਦਵੀ ਕੋਈ ਵੀ ਕਿਉਂ ਨਾਂ ਹੋਏ, ਇਕ ਬੱਚਾ/ਬੱਚੀ ਲਿੰਗਕ ਦੁਰ-ਵਰਤੋਂ ਦੇ ਮਾਮਲੇਆਂ ਦੇ ਵਿਚ ਕੰਮ-ਕਾਜ ਕਰਨ ਦੇ ਲਈ ਇਕ ਵਿਸ਼ੇਸ਼ੱਗ ਸਿਖਲਾਈ ਦੀ ਲੋੜ ਹੁੰਦੀ ਹੈ। ਜਦੋਂ ਸਹਾਇਤਾ ਦੀ ਭਾਲ ਕੀਤੀ ਜਾਏ ਤਾਂ ਇਹ ਜ਼ਰੂਰੀ ਹੈ ਕਿ ਪੇਸ਼ਾਵਰ ਦੇ ਕੋਲੋਂ ਉਸਦੀ ਪਦਵੀ ਅਤੇ ਸਿੱਖਿਆਵਾਂ ਦੀ ਵਿਆਖਿਆ ਮੰਗੀ ਜਾਏ। ਹੇਠਾਂ ਲਿਖੀ ਸੂਚੀ ਇਲਾਜ ਪ੍ਰਦਾਨ-ਕਰਤਾਵਾਂ ਦਾ ਇਕ ਸੰਖੇਪ ਸਾਰ ਹੈ ਜੋ ਇਸ ਖੇਤਰ ਦੇ ਵਿਚ ਕੰਮ-ਕਾਜ ਕਰਦੇ ਹਨ।

• ਇਕ **ਸੋਸ਼ਲ ਵਰਕਰ** ਵਿਸ਼ਿੱਸ਼ਟ ਤੌਰ ਤੇ ਸਮਾਜਕ ਸੇਵਾ ਦੇ ਵਿਚ ਇਕ ਡਿਗਰੀ-ਪ੍ਰਾਪਤ ਅਤੇ ਕਾਲਜ ਔਫ਼ ਸੋਸ਼ਲ ਵਰਕਰਸ ਅਤੇ ਸੋਸ਼ਲ ਸਰਵਸਸ ਵਰਕਰਸ ਦੇ ਨਾਲ ਰਜਿਸਟਰ ਹੋਇਆ/ਹੋਈ ਹੁੰਦਾ/ਹੁੰਦੀ ਹੈ। ਇਨ੍ਹਾ ਪੇਸ਼ਾਵਰਾ ਦੇ ਵਲੋਂ ਤੁਹਾਡੇ ਕੋਲੋਂ ਇਕ ਫੀਸ ਲਈ ਜਾਂ ਨਹੀਂ ਲਈ ਜਾਂਦੀ, ਇਹ ਇਸਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਸਥਾਨ ਤੇ ਕੰਮ-ਕਾਜ (ਪ੍ਰੈਕਟਿਸ) ਕਰ ਰਹੇ ਹਨ (ਜਿਵੇਂ ਕਿ, ਇਕ ਹਸਪਤਾਲ ਦੇ ਵਾਤਾਵਰਣ ਵਿਚ, ਜਾਂ ਕਿ ਇਕ ਪ੍ਰਾਇਵੇਟ ਪ੍ਰੈਕਟਿਸ ਦੇ ਵਿਚ)। ਭੱਤੇਆਂ ਦੀਆਂ ਯੋਜਨਾਵਾਂ ਅੱਡੋ-ਅੱਡ ਹੁੰਦੀਆਂ ਹਨ – ਉਹ ਸੇਵਾਵਾਂ ਦੀ ਫੀਸ ਅਦਾ ਕਰਨਗੇ ਜਾਂ ਨਹੀਂ।

• **ਕੌਂਸਲਰ** ਅਤੇ **ਥੈਰਾਪਿਸਟ** ਅਜਿਹੀਆਂ ਪਦਵੀਆਂ ਹਨ ਜਿਨ੍ਹਾਂ ਦੀ ਵਰਤੋਂ ਇਕ ਵਿਸ਼ਾਲ ਪੱਧਰ ਤੇ, ਇਲਾਜ ਅਤੇ ਮੁੜ-ਵਾਸ (ਰੀਹੈਬਿਲਿਟੇਸ਼ਨ) ਪ੍ਰਦਾਨ-ਕਰਤਾ ਕਰਦੇ ਹਨ। ਇਨ੍ਹਾਂ ਵਿਅਕਤੀਆਂ ਦੀਆਂ ਸਿੱਖਿਆ/ਸਿਖਲਾਈ-ਯੋਗਤਾਵਾਂ ਵਿਚ ਇਕ ਲੰਮਾਂ-ਚੌੜਾ ਅੰਤਰ ਹੁੰਦਾ ਹੈ।

• **ਸਾਇਕਿਐਟ੍ਰਿਸਟ** ਇਕ ਮਨੁੱਖੀ ਦਿਮਾਗ਼ ਦੇ ਵਿਗਿਆਨ ਵਿਚ ਇਕ ਵਿਸ਼ੇਸ਼ੱਗ ਸਿਖਲਾਈ ਪ੍ਰਾਪਤ ਚਿਕਿਤਸਾ ਡਾਕਟਰ (ਐਮ ਡੀ) ਹੁੰਦਾ/ਹੁੰਦੀ ਹੈ। ਉਹ ਸਵਿਕਾਰ-ਪ੍ਰਾਪਤ ਰੋਗ-ਲੱਛਣਾਂ ਦਾ ਨਿਰਧਾਰਣ ਕਰ ਸਕਦੇ ਹਨ ਅਤੇ ਦਵਾ-ਦਾਰੂ ਦੀਆਂ ਪ੍ਰਿਸਕ੍ਰਿਪਸ਼ਨਾਂ ਲਿਖ ਸਕਦੇ ਹਨ। ਦੀ ਔਨਟੇਰਿਓ ਹੈਲਥ ਇਨਸ਼ੋਰੈਂਸ ਪਲੈਨ (*ਓਹਿਪ*) ਸਾਇਕਿਐਟ੍ਰੀ ਸੇਵਾਵਾਂ ਦੀਆਂ ਫੀਸਾਂ ਅਦਾ ਕਰਦਾ ਹੈ।

• **ਸਾਇਕਾਲੋਜਿਸਟ** ਇਕ ਅਜਿਹਾ/(ਹੀ) ਵਿਅਕਤੀ ਹੈ ਜੋ ਕਾਲਜ ਔਫ ਸਾਇਕਾਲੋਜਿਸਟਸ ਐਂਡ ਸਾਇਕਾਲੋਜਿਕਲ ਅਸੋਸਿਏਟਸ ਦੇ ਨਾਲ ਰਜਿਸਟਰਡ ਹੈ, ਅਤੇ ਸਾਇਕਾਲੋਜੀ ਵਿਚ ਲੋੜੀਂਦੀ ਡਿਗਰੀ-ਪ੍ਰਾਪਤ ਹੈ। ਕਈ ਪ੍ਰਾਇਵੇਟ ਇਨਸ਼ੋਰੰਸ ਯੋਜਨਾਵਾਂ ਇਕ ਸਾਇਕਾਲੋਜਿਸਟ ਦੇ ਨਾਲ ਅਪੋਇੰਟਮੈਂਟਾਂ ਦੀ ਸਾਰੀ ਹੀ ਫੀਸ, ਜਾਂ ਇਸਦਾ ਇਕ ਹਿੱਸਾ ਹੀ ਅਦਾ ਕਰਦੀਆਂ ਹਨ। ਜਦੋਂ ਤਕ ਕਿ ਉਹ ਇਕ ਹਸਪਤਾਲ, ਜਾਂ ਕਿ ਇਕ ਕਮਿਉਨਿਟੀ-ਫ਼ੰਡਡ ਪ੍ਰੋਗਰਾਮ ਦੇ ਵਿਚੋਂ ਹੀ ਪ੍ਰੈਕਟਿਸ ਨਹੀਂ ਕਰ ਰਹੇ ਹੁੰਦੇ, ਆਮ ਤੌਰ ਤੇ ਸਾਇਕਾਲੋਜਿਸਟਾਂ ਦੀ ਫੀਸ *ਓਹਿਪ* ਅਦਾ ਨਹੀਂ ਕਰਦਾ।

ਇਕ ਥੈਰਾਪੀ ਦੀ ਕਿਸਮ ਅਤੇ ਥੈਰਾਪੀ ਦੇ ਵਿਚ ਲੱਗਣ ਵਾਲੇ ਸਮੇਂ ਦੀ ਮੁੱਦਤ ਹਰ ਵਿਅਕਤੀ ਦੇ ਅਨੁਸਾਰ ਵੱਖਰੀ ਹੁੰਦੀ ਹੈ। ਕਈ ਲੋਕਾਂ ਨੂੰ ਸ਼ਇਦ ਕੇਵਲ ਥੋੜੀਆਂ ਬੈਠਕਾਂ ਦੀ ਲੋੜ ਹੋਏ, ਜਦੋਂ ਕਿ ਕਈਆਂ ਨੂੰ ਵਧੇਰੇ। ਇਹ ਇਸ ਤੇ ਨਿਰਭਰ ਕਰਦਾ ਹੈ ਕਿ ਹਾਲਾਤ ਕਿਨੇਂ ਕੁ ਗੁੰਝਲਦਾਰ ਹਨ, ਅਤੇ ਇਸ ਦੇ ਵਿਚ ਸ਼ਾਮਲ ਲੋਕਾਂ ਦੀਆਂ ਕੀ ਕੁਝ ਲੋੜਾਂ ਹਨ। ਹਰ ਹਾਲਤ ਦਾ ਮੁੱਲਾਂਕਣ ਬੜੀ ਸਾਵਧਾਨੀ ਦੇ ਨਾਲ ਕੀਤਾ ਜਾਣਾਂ ਚਾਹੀਦਾ ਹੈ, ਜਿਸਦੇ ਬਾਅਦ ਇਕ ਉਚਿਤ ਇਲਾਜ ਅਤੇ ਸਹਾਇਤਾ-ਬਲ ਪ੍ਰਦਾਨ ਕੀਤੇ ਜਾਣੇਂ ਚਾਹੀਦੇ ਹਨ।



ਇਕ ਵਿਸ਼ੇਸ਼ ਬੱਚੇ, ਯੁਵਕ ਅਤੇ/ਜਾਂ ਟੱਬਰ ਦੇ ਮੈਂਬਰ ਦੀਆਂ ਵਿਕਾਸਿਤ ਲੋੜਾਂ ਅਤੇ ਤਿਆਰੀ ਦੇ ਮਾਰਗ-ਦਰਸ਼ਕ ਦੇ ਹੇਠਾਂ, ਇਲਾਜ ਅੱਕਸਰ ਪੱਧਰਾਂ ਦੇ ਵਿਚ ਕੀਤਾ ਜਾਂਦਾ ਹੈ। ਕਈ ਵਾਰੀ ਇਕ ਥੈਰਾਪੀ ਦੀ ਕਾਰਜ-ਵਿਧੀ ਦੇ ਦੌਰਾਨ ਹੀ ਇਕ ਅਜਿਹੀ ਪੱਧਰ ਤਕ ਪਹੁੰਚੇਆ ਜਾਂਦਾ ਹੈ ਜਿੱਥੋਂ ਉਸ ਵੇਲੇ ਅੱਗੇ ਕੰਮ-ਕਾਜ ਕਰਨ ਦਾ ਕੋਈ ਫਾਇਦਾ ਨਹੀਂ ਹੁੰਦਾ। ਫੇਰ ਵੀ, ਜਦੋਂ ਇਕ ਵਿਅਕਤੀ ਆਪਣੇਂ ਜੀਵਨ ਵਿਚ ਇਕ ਪੜਾਅ ਉਤੇ ਪਹੁੰਚ ਜਾਂਦਾ/ਜਾਂਦੀ ਹੈ (ਜਿਵੇਂ ਕਿ ਗਭਰੇਟ-ਅਵਸਥਾ, ਪਹਿਲਾ ਪਿਆਰ, ਵਿਆਹ, ਇਕ ਬੱਚੇ/ਬੱਚੀ ਦਾ ਜਨਮ), ਉਹ ਇਲਾਜ ਲਈ ਵਾਪਸੀ ਦੀ ਲੋੜ ਨੂੰ ਮਹਿਸੂਸ ਕਰ ਸਕਦਾ/(ਦੀ) ਹੈ।

## ਇਕ ਇਲਾਜ ਪ੍ਰਦਾਨ-ਕਰਤਾ ਦੀ ਚੋਣ ਕਰਨੀ

ਤੁਹਾਡੇ ਬੱਚੇ/ਬੱਚੀ, ਆਪਣੇ ਆਪ ਅਤੇ/ਜਾਂ ਤੁਹਾਡੇ ਟੱਬਰ ਦੇ ਲਈ ਇਕ ਸਰਵਉੱਤਮ ਫੈਸਲਾ ਕਰਨ ਦੇ ਲਈ ਇਕ ਜ਼ਰੂਰੀ ਹੈ ਕਿ ਜਿਨ੍ਹਾਂ ਵੀ ਸੰਭਵ ਹੋ ਸਕੇ, ਆਪਣੇਂ ਇਲਾਜ ਦੀਆਂ ਚੋਣਾਂ ਦੀ ਬਾਬਤ ਸਿੱਖੋ।

ਇਕ ਇਲਾਜ ਪ੍ਰਦਾਨ-ਕਰਤਾ ਦੀ ਚੋਣ ਕਰਦੇ ਹੋਇਆਂ ਤੁਸੀ ਸ਼ਾਇਦ ਹੇਠਾਂ ਲਿਖੇ ਪ੍ਰਸ਼ਨ ਪੁੱਛਣਾਂ ਚਾਹੋਗੇ। ਜੇ ਤੁਸੀ ਆਪਣੇਂ ਆਪ ਅਜਿਹਾ ਕਰਨ ਵਿਚ ਸਮੱਸਿਆ ਪਾਉਂਦੇ ਹੋ ਤਾਂ ਕਿਸੇ ਸਹਾਇਕ ਵਿਅਕਤੀ ਨੂੰ ਕਹੋ ਕਿ ਉਹ ਇਸ ਵਿਚ ਤੁਹਾਡੀ ਸਹਾਇਤਾ ਕਰੇ।

---

- ਤੁਹਾਡਾ ਥਾਂ-ਟਿਕਾਣਾਂ ਕਿੱਥੇ ਹੈ?

- ਕੀ ਸੇਵਾਵਾਂ ਦੀ ਕੋਈ ਫੀਸ ਹੈ? ਜੇ ਹੈ ਤਾਂ, ਤੁਹਾਡੀ ਫੀਸ ਅਦਾਇਗੀ ਦੀ ਨੀਤੀ ਕੀ ਹੈ? ਕੀ ਤੁਹਾਡੇ ਕੋਲ ਸਹਿਜੇ ਸਹਿਜੇ ਫੀਸ ਅਦਾ ਕਰਨ ਦਾ ਪ੍ਰਬੰਧ ਹੈ (ਜਿਵੇਂ ਕਿ, ਇਕ ਗਾਹਕ ਆਪਣੀਂ ਅਦਾਇਗੀ ਕਰਨ ਦੀ ਯੋਗਤਾ ਦੇ ਅਨੁਸਾਰ ਫੀਸ ਨੂੰ ਅਦਾ ਕਰ ਸਕੇ)?

- ਤੁਸੀ ਕੇੜ੍ਹੀਆਂ ਕਿਸਮਾਂ ਦੇ ਇਲਾਜ ਪੇਸ਼ ਕਰਦੇ ਹੋ (ਜਿਵੇਂ ਕਿ, ਵਿਅਕਤੀਗਤ, ਗਰੁੱਪ, ਟੱਬਰੀ)?

- ਕੀ ਤੁਸੀ ਇਕੋ ਹੀ ਟੱਬਰ ਦੇ ਵਿਚੋਂ ਇਕ ਤੋਂ ਵੱਧ ਵਿਅਕਤੀ ਦਾ ਇਲਾਜ ਕਰਦੇ ਹੋ?

- ਤੁਹਾਡੇ ਕੋਂਸਲਰਾਂ ਦੇ ਕੋਲ ਕੀ ਕੀ ਪੇਸ਼ਾਵਰ ਯੋਗਤਾਵਾਂ ਹੈ ਹਨ?

- ਕੀ ਤੁਹਾਡੇ ਕੋਲ ਜਾਂ ਤੁਹਾਡੀ ਏਜੈਂਸੀ ਦੇ ਵਿਚ ਬੱਚਿਆਂ, ਯੁਵਕਾਂ ਅਤੇ/ਜਾਂ ਬਾਲਗ਼ਾਂ ਦੇ ਲਈ ਲਿੰਗਕ ਦੁਰ-ਵਰਤੋਂ ਦੇ ਇਲਾਜ ਲਈ ਵਿਸ਼ਿੱਸ਼ਟ ਯੋਗਤਾਵਾਂ ਪ੍ਰਾਪਤ ਕੋਂਸਲਰ ਹੈ ਹਨ?

- ਇਕ ਮੁੱਲਾਂਕਣ ਅਤੇ/ਜਾਂ ਇਲਾਜ ਲਈ ਕਿਸੇ ਇਕ ਨੂੰ ਮਿਲਣ ਤੋਂ ਪਹਿਲਾਂ ਇੰਤਜ਼ਾਰ ਦਾ ਸਮਾਂ ਕਿਨਾਂ ਕੁ ਹੈ?

- ਜੇ ਇੰਤਜ਼ਾਰ ਦਾ ਸਮਾਂ ਹੈ ਤਾਂ, ਜਦੋਂ ਤਕ ਗਾਹਕ ਇੰਤਜ਼ਾਰ ਕਰਦੇ ਹਨ, ਉਸ ਸਮੇਂ ਦੇ ਦੌਰਾਨ ਤੁਸੀ ਕੋਈ ਸੇਵਾਵਾਂ ਪੇਸ਼ ਕਰਦੇ ਹੋ? ਜੇ ਨਹੀਂ, ਤਾਂ ਇਸ ਇੰਤਜ਼ਾਰ ਦੇ ਸਮੇਂ ਦੇ ਦੌਰਾਨ ਮੈਂ ਕਿੱਥੇ ਜਾ ਸਕਦਾ/(ਦੀ) ਹਾਂ?

- ਕੀ ਤੁਹਾਡੀ ਏਜੈਂਸੀ ਦੇ ਵਿਚ ਦੋਵੇਂ ਪੁਰਸ਼ ਅਤੇ ਇਸਤਰੀ ਕੋਂਸਲਰ ਹੈ ਹਨ? (ਤੁਹਾਡਾ/(ਡੀ) ਬੱਚਾ/ਬੱਚੀ, ਤੁਸੀ ਜਾਂ ਟੱਬਰ ਦਾ/ਦੀ ਕੋਈ ਹੋਰ ਮੈਂਬਰ ਇਕ ਪੁਰਸ਼/ਇਸਤਰੀ ਕੋਂਸਲਰ ਦੇ ਨਾਲ ਵਧੇਰੇ ਸੁਖਦਾਈ ਮਹਿਸੂਸ ਕਰ ਸਕਦਾ/(ਦੀ) ਹੈ)।

- ਕੀ ਤੁਸੀ ਇਕ ਅਜਿਹੇ ਕੋਂਸਲਰ ਹੋ ਜੋ ਕਿ ਮੇਰੀ ਵਿਸ਼ੇਸ਼ ਸੱਭਿਆਚਾਰਕ ਪਿੱਛੋਕੜ/ਲਿੰਗਕ ਸਤਿਥੀ/ਧਰਮ ਦੀ ਬਾਬਤ ਜਾਣੂੰ ਹੋ?

- ਜੇ ਮੈਂ ਕਿਸੇ ਹੋਰ ਥੈਰਾਪਿਸਟ ਦੇ ਨਾਲ ਕੰਮ-ਕਾਜ ਕਰਨ ਦਾ ਫੇਸਲਾ ਕਰਦਾ/(ਦੀ) ਹਾਂ ਤਾਂ ਤੁਹਾਡੀ ਕੀ ਨੀਤੀ ਹੈ?

ਜੇਕਰ ਉੱਤਰ ਤੁਹਾਨੂੰ ਸਪੱਸ਼ਟ ਨਹੀਂ ਹੁੰਦੇ, ਜਾਂ ਜੋ ਕੁਝ ਤੁਹਾਨੂੰ ਦੱਸੇਆ ਗਿਆ ਹੈ, ਉਸਦੇ ਨਾਲ ਤੁਸੀ ਰਾਜ਼ੀ ਨਹੀਂ ਹੋ ਤਾਂ ਵਧੇਰੇ ਵਿਸਤਾਰ ਪੂਰਬਕ ਵਿਆਖਿਆ ਲਈ ਮੰਗ ਕਰਨ ਤੋਂ ਨਾਂ ਡਰੋ।

ਇਕ ਥੈਰਾਪਿਊਟਿਕ ਕਾਰਜ-ਵਿਧੀ ਦੇ ਮੁੱਢਲੇ ਵੇਲੇ ਹੇਠਾਂ ਲਿਖੇ ਪ੍ਰਸ਼ਨ ਪੁੱਛਣ ਦੀ ਬਾਬਤ ਵਿਚਾਰ ਕੀਤਾ ਜਾਏ।

੮ਕੀ ਤੁਸੀ ਮੈਨੂੰ ਇਸਦੀ ਬਾਬਤ ਵਧੇਰੇ ਦੱਸ ਸਕਦੇ ਹੋ ਕਿ ਇਹ ਇਲਾਜ ਮੇਰੇ ਬੱਚੇ/ਬੱਚੀ ਦੀ ਸਹਾਇਤਾ ਕਿਵੇਂ ਕਰੇਗਾ?

੮ਇਕ ਥੈਰਾਪੀ ਦੇ ਦੌਰਾਨ ਕੀ ਕੁਝ ਵਾਪਰੇਗਾ?

੮ਕੀ ਤੁਸੀ ਕੀਤੇ ਗਏ ਮੁੱਲਾਂਕਣ ਦੀਆਂ ਸਿਫਾਰਿਸ਼ਾਂ ਦੀ ਪੈਰਵੀ ਕਰੋਗੇ?

੮ਕੀ ਤੁਸੀ ਮੇਰੇ ਬੱਚੇ/ਬੱਚੀ ਦੀਆਂ ਲੋੜਾਂ ਨੂੰ ਪੂਰੇਆਂ ਕਰਨ ਦੇ ਲਈ ਆਪਣੀਂ ਪਹੁੰਚ ਵਿਚ ਲਚਕਦਾਰ ਹੋ?

੮ਜੇ ਮੇਰਾ/ਮੇਰੀ ਬੱਚਾ/ਬੱਚੀ ਥੈਰਾਪੀ ਲਈ ਨਹੀਂ ਜਾਣਾਂ ਚਾਹੁੰਦਾ/(ਦੀ) ਤਾਂ ਕੀ ਤੁਸੀ ਸਾਡੇ ਨਾਲ ਕੰਮ-ਕਾਜ ਕਰਦੇਆਂ ਹੋਏਆਂ ਉਹ ਕੁਝ ਪ੍ਰਦਾਨ ਕਰ ਸਕਦੇ ਹੋ ਜੋ ਉਸਦੇ ਲਈ ਸਰਵਉੱਤਮ ਹੈ?

੮ਕੀ ਤੁਸੀ ਐਮਰਜੈਂਸੀ ਬੈਠਕਾਂ ਦੇ ਲਈ ਉਪਲਭਦ ਹੈਗੇ ਹੋ?
੮ਜੇ ਸਾਡੇ ਕਿਸੇ ਇਕ ਆਪਸੀ ਵਿਚਾਰ-ਵਟਾਂਦਰੇ ਦੀ ਬਾਬਤ ਮੇਰਾ ਬੱਚਾ/ਬੱਚੀ ਅਤੇ/ਜਾਂ ਮੈਂ ਸੁਖਦਾਈ ਮਹਿਸੂਸ ਨਹੀਂ ਕਰਦੇ ਤਾਂ ਮੈਂ ਤੁਹਾਨੂੰ ਇਸਦੀ ਪ੍ਰਤਿਪੁੱਸ਼ਟੀ ਕਿਵੇਂ ਦੇ ਸਕਦਾ/(ਦੀ) ਹਾਂ?

ਜੇਕਰ ਤੁਸੀ ਇਕ ਥੈਰਾਪਿਸਟ ਚੁਣਦੇ ਹੋ ਅਤੇ ਇਹ ਫੈਸਲਾ ਕਰਦੇ ਹੋ ਕਿ ਤੁਸੀ ਉਸਦੀ ਸੇਵਾ ਤੋਂ ਸੰਤੁਸ਼ੇ ਨਹੀਂ ਹੋ ਤਾਂ ਤੁਹਾਨੂੰ ਇਕ ਸੇਵਾ ਪ੍ਰਦਾਨ-ਕਰਤਾ ਨੂੰ ਬਦਲਣ ਦਾ ਪੂਰਾ ਅਧਿਕਾਰ ਹੈ।

## ਅੰਤਿਮ ਵਿਚਾਰ

ਇਕ ਦੂਜੇ ਦੀ ਸਹਾਇਤਾ-ਬਲ ਬਣਨਾਂ ਅਤੇ ਲਿੰਗਕ ਦੁਰ-ਵਰਤੋਂ ਵਿਚ ਵਿਸ਼ੇਸ਼ ਸਿਖਲਾਈ-ਪ੍ਰਾਪਤ ਪੇਸ਼ਾਵਰਾਂ ਦੇ ਕੋਲੋਂ ਸਹਾਇਤਾ ਭਾਲਣ ਦੇ ਨਾਲ ਤੁਹਾਨੂੰ ਅਤੇ ਤੁਹਾਡੇ ਟੱਬਰ ਨੂੰ ਵਾਪਰੀ ਹੋਈ ਘਟਨਾਂ ਦੇ ਨਾਲ ਸਿੱਝਣ ਵਿਚ ਅਤੇ ਇਕ ਆਦਰਸ਼ਵਾਦੀ ਭਵਿੱਖ ਦੇ ਲਈ ਯੋਜਨਾਂ ਬਣਾਉਣ ਵਿਚ ਸਹਾਇਤਾ ਮਿਲਦੀ ਹੈ।

ਇਕ ਸਹਾਇਤਾ ਦੇ ਨਾਲ, ਤੁਹਾਡਾ/(ਡੀ) ਬੱਚਾ/ਬੱਚੀ ਅਤੇ ਟੱਬਰ ਇਕ ਲਿੰਗਕ ਦੁਰ-ਵਰਤੋਂ ਦੇ ਤਜਰਬੇ ਦੇ ਉੱਤੇ ਕਾਬੂ ਪਾ ਸਕਦੇ ਹੋ। ਤੁਹਾਨੂੰ ਅਤੇ ਤੁਹਾਡੇ ਟੱਬਰ ਨੂੰ ਇਕੱਲੇਆਂ ਹੀ ਇਸ ਅਨਹੋਣੀਂ ਦੇ ਵਿਚੋਂ ਗੁਜ਼ਰਣ ਦੀ ਕੋਈ ਲੋੜ ਨਹੀਂ ਹੈ। ਸਹਾਇਤਾ ਕਰਨ ਦੇ ਲਈ ਬਹੁਤ ਸਾਰੇ ਸਾਧਨ ਉਪਲਬਧ ਹੈ ਹਨ।

ਸਾਡੀ ਇਹ ਆਸ ਹੈ ਕਿ ਇਹ ਮਾਰਗ-ਦਰਸ਼ਕ ਤੁਹਾਡੇ ਲਈ ਉਪਯੋਗੀ ਰਿਹਾ ਹੈ। ਅਤੇ ਤੁਹਾਨੂੰ ਇਹ ਹੱਲਾ-ਸ਼ੇਰੀ ਦਿੰਦੇ ਹਾਂ ਕਿ ਇਸਦੀ ਵੰਡ-ਵਰਤੋਂ ਅਜਿਹੇਆਂ ਦੇ ਨਾਲ ਕਰੋ ਜੋ ਇਸਨੂੰ ਇਕ ਸਹਾਇਤਾ ਸਮਝ ਸਕਣ।

## ਸ਼ਬਦ-ਸੰਗ੍ਰਹਿ / GLOSSARY

| | |
|---|---|
| ਦੋਸ਼ਿਤ/Accused | ਇਕ ਵਿਅਕਤੀ ਨੂੰ ਇਹ ਨਾਂ ਤਾਂ ਦਿੱਤਾ ਗਿਆ ਹੈ, ਪਰ ਹਾਲੇ ਤਕ ਨਿਰਧਾਰਣ ਨਹੀਂ ਕੀਤਾ ਗਿਆ ਕਿ ਉਹ ਦੁਰ-ਵਰਤੋਂ ਕਰਨ ਲਈ ਜ਼ਿੰਮੇਵਾਰ ਹੈ। ਐਕਿਊਜ਼ਡ ਅਤੇ ਅਲੈਜਡ ਜਿਹੇ ਸ਼ਬਦਾਂ ਦਾ ਇਕੋ ਹੀ ਮਤਲਬ ਹੈ। |
| ਦੋਸ਼/Allegation | ਅਜਿਹੀ ਘਟਨਾਂ ਜੋ ਕੋਈ ਵਿਅਕਤੀ ਕਹਿੰਦਾ/(ਦੀ) ਹੈ ਕਿ ਵਾਪਰੀ ਹੈ, ਜੋ ਕਿ ਇਕ ਦੋਸ਼ਿਤ ਉਲੰਘਣਾਕਾਰ ਦੀ ਪਛਾਣ ਵੀ ਕਰਦਾ/(ਦੀ) ਹੈ। |
| ਦੋਸ਼ਿਤ ਉਲੰਘਣਾਕਾਰ/ Alleged offender | ਇਕ ਵਿਅਕਤੀ ਨੂੰ ਇਹ ਨਾਂ ਤਾਂ ਦਿੱਤਾ ਗਿਆ ਹੈ, ਪਰ ਹਾਲੇ ਤਕ ਨਿਰਧਾਰਣ ਨਹੀਂ ਕੀਤਾ ਗਿਆ ਕਿ ਉਹ ਦੁਰ-ਵਰਤੋਂ ਕਰਨ ਲਈ ਜ਼ਿੰਮੇਵਾਰ ਹੈ। ਐਕਿਊਜ਼ਡ ਅਤੇ ਅਲੈਜਡ ਜਿਹੇ ਸ਼ਬਦਾਂ ਦਾ ਇਕੋ ਹੀ ਮਤਲਬ ਹੈ। |
| ਹਿਰਾਸਤ ਵਿਚ ਲੈ ਲੈਣਾਂ/Apprehend | ਇਕ *ਚਾਇਲਡ ਐਂਡ ਫੈਮਲੀ ਸਰਵਸਸ ਐਕਟ* ਦੇ ਵਿਚ ਉਲੀਕੀਆਂ ਹੋਇਆਂ ਤਾਕਤਾਂ ਦੇ ਅਧੀਨ, ਇਕ ਚਾਇਲਡ ਪ੍ਰੋਟੈਕਸ਼ਨ ਵਰਕਰ ਜਾਂ ਇਕ ਪੁਲੀਸ ਅਧਿਕਾਰੀ, ਇਕ ਵਾਰੰਟ ਸਮੇਤ, ਜਾਂ ਇਸਦੇ ਬਗ਼ੈਰ ਹੀ, ਜੇ ਇਹ ਵਿਸ਼ਵਾਸ ਹੋ ਜਾਏ ਕਿ ਇਕ ਬੱਚੇ/ਬੱਚੀ ਨੂੰ ਸੁਰੱਖਿਆ ਦੀ ਲੋੜ ਹੈ, ਤਾਂ ਉਸ ਬੱਚੇ/ਬੱਚੀ ਨੂੰ ਉਸਦੇ ਵਰਤਮਾਨ ਹਾਲਾਤਾਂ ਦੇ ਵਿਚੋਂ ਕੱਢ ਕੇ ਇਕ ਸੁਰੱਖਿਅਤ ਸਥਾਨ ਦੇ ਵਿਚ ਲੈ ਆ ਸਕਦੇ ਹਨ। |
| ਮੁੱਲਾਂਕਣ/Assessment | ਇਕ ਸਰਵਉੱਤਮ ਇਲਾਜ ਦੇ ਚੱਲ-ਮਾਰਗ ਦੀ ਬਾਬਤ ਨਿਰਧਾਰਣ ਕਰਨ ਦੇ ਲਈ, ਦੁਰ-ਵਰਤੋਂ ਦੇ ਪ੍ਰਭਾਉ ਦੀ ਇਕ ਡੂੰਘੀ ਪੜਤਾਲ ਕਰਨੀਂ |
| ਲਾ ਦਿੱਤੇ ਹੋਏ ਦੋਸ਼/ Charges laid | ਜਦੋਂ ਪੁਲੀਸ, ਇਕ ਪਛਾਣ ਕਰ ਲਏ ਅਤੇ ਸਬੂਤ/(ਤਾਂ) ਦੇ ਅਧਾਰ/(ਰਾਂ) ਉਤੇ ਇਹ ਦੋਸ਼ ਲਗਾਏ ਕਿ ਇਸ ਦੋਸ਼ਿਤ ਵਿਅਕਤੀ ਨੇਂ ਇਕ ਅਪਰਾਧੀ ਉਲੰਘਣਾਂ ਕੀਤੀ ਹੈ। |
| ਬੱਚਾ/ਬੱਚੀ/Child | ਇਸ ਪ੍ਰਕਾਸ਼ਨ ਦੇ ਉਦੇਸ਼ ਲਈ ਇਕ ਵਿਅਕਤੀ ਜਨਮ ਤੋਂ ਲੈ ਕੇ 18 ਸਾਲਾਂ ਦੀ ਉਮਰ ਤਕ ਇਕ ਬੱਚਾ/ਬੱਚੀ ਹੈ। ਯੁਵਕ, ਗਭਰੂ, ਟੀਨ, ਨੌਜਵਾਨ ਵਿਅਕਤੀ ਜਿਹੇ ਸ਼ਬਦ ਵੀ ਇਸਦੇ ਵਿਚ ਸ਼ਾਮਲ ਹਨ। |
| ਚਾਇਲਡ ਐਂਡ ਫੈਮਲੀ ਸਰਵਸਸ ਐਕਟ/Child and Family Services Act | ਐਕਟ ਸਰਕਾਰ ਦਾ ਇਕ ਅਜਿਹਾ ਦਸਤਾਵੇਜ਼ ਹੈ ਜੋ ਬੱਚਿਆਂ ਦੇ ਸਰਵਉੱਤਮ ਹਿੱਤਾਂ, ਸੁਰੱਖਿਆ ਅਤੇ ਸੁੱਖ-ਸਾਂਧ ਦਾ ਸਮਰਥਨ ਕਰਦਾ ਹੈ। ਇਹ ਐਕਟ ਔਨਟੇਰਿਓ ਭਰ ਵਿਚ ਚਿਲਡਰੰਸ ਏਡ ਸੋਸਾਇਟੀਸ ਦੇ ਉਤੇ ਹੁਕਮਰਾਨੀਂ ਕਰਦਾ ਹੈ। |
| ਚਾਇਲਡ ਪ੍ਰੋਟੈਕਸ਼ਨ ਵਰਕਰ/ Child protection worker | ਚਿਲਡਰੰਸ ਏਡ ਸੋਸਾਇਟੀ ਦਾ/ਦੀ ਇਕ ਕਰਮਚਾਰੀ ਜੋ ਬੱਚਿਆਂ ਦਾ ਬਚਾਉ ਅਤੇ ਸੁਰੱਖਿਆ ਦੀ ਨਿਸਚਾ ਕਰਦਾ/(ਦੀ) ਹੈ। |

| | |
|---|---|
| ਚਿਲਡਰੰਸ ਏਡ ਸੋਸਾਇਟੀ/ Children's Aid Society (CAS) | ਬੱਚਿਆਂ ਨੂੰ ਨੁਕਸਾਨ ਤੋਂ ਸੁਰੱਖਿਆ ਦੇਣ ਲਈ *ਚਾਇਲਡ ਐਂਡ ਫੈਮਲੀ ਸਰਵਸਸ ਐਕਟ* ਦੀ ਹੁਕਮਰਾਨੀ ਦੇ ਅਧੀਨ ਇਕ ਜਨਤਾ ਏਜੈਂਸੀ। |
| ਭੇਤਦਾਰੀ/Confidential | ਅਜਿਹੀ ਜਾਣਕਾਰੀ ਜਿਸਨੂੰ ਭੇਤ ਵਿਚ ਰੱਖਿਆ ਜਾਂਦਾ ਹੈ ਅਤੇ ਇਸਦੀ ਵੰਡ-ਵਰਤੋਂ ਖੁੱਲੇ-ਆਮ ਨਹੀਂ ਕੀਤੀ ਜਾਂਦੀ। |
| ਸਹਿਮਤੀ/Consent | ਇਕ ਅਨੁਮਤਿ ਦੇਣ ਲਈ ਸਹਿਮਤੀ। ਕਿਸੇ ਅਜਿਹੇ ਕਾਰਜ ਦੇ ਲਈ ਸਹਿਮਤੀ ਦੇਣ ਦਾ ਮਤਲਬ ਹੈ ਕਿ ਇਕ ਵਿਅਕਤੀ ਜਿਸ ਗੱਲ ਦੇ ਉਤੇ ਰਾਜ਼ੀ ਹੋ ਰਿਹਾ/ਰਹੀ ਹੈ, ਉਸਨੂੰ ਉਹ ਸਮਝਦਾ/(ਦੀ) ਹੈ, ਅਤੇ ਇਸ ਸਮਝੌਤੇ ਦੇ ਨਤੀਜੇ ਵਜੋਂ ਕੀ ਕੁਝ ਹੋ ਸਕਦਾ ਹੈ। |
| ਕ੍ਰਿਮਿਨਲ ਕੋਡ ਔਫ ਕੈਨੇਡਾ/ Criminal Code of Canada | ਅਜਿਹੇ ਕਾਨੂੰਨੀਂ ਦਸਤਾਵੇਜ਼ ਜੋ ਦੇਸ਼ ਦੇ ਵਿਚ ਕੀਤੇ ਜਾਣ ਵਾਲੇ ਅਪਰਾਧਾਂ ਦੇ ਸਬੰਧਾਂ ਵਿਚ ਕਾਨੂੰਨਾਂ ਦੀ ਸਥਾਪਨਾਂ ਕਰਦੇ ਹਨ। |
| ਜਿਰ੍ਹਾ/Cross-examine | ਜਦੋਂ ਇਕ ਵਕੀਲ ਇਕ ਗਵਾਹ ਦੇ ਵਲੋਂ ਕਚਹਿਰੀ ਦੇ ਵਿਚ ਦਿੱਤੇ ਗਏ ਬਿਆਨਾਂ ਦੀ ਬਾਬਤ ਪ੍ਰਸ਼ਨ ਪੁੱਛਦਾ/(ਦੀ) ਹੈ। |
| ਕ੍ਰਾਉਨ ਅਟਾਰਨੀ/Crown Attorney | ਅਜਿਹਾ/(ਹੀ) ਵਕੀਲ ਜੋ ਕੈਨੇਡਾ ਦੀ ਸਰਕਾਰ ਦਾ/ਦੀ ਪ੍ਰਤਿਨਿਧੀ ਬਣਦਾ/(ਦੀ) ਹੈ ਅਤੇ ਜੋ ਇਕ ਅਪਰਾਧੀ ਕਚਹਿਰੀ ਦੇ ਵਿਚ ਅਪਰਾਧਾਂ ਦੇ ਵਿਰੁੱਧ ਦੋਸ਼ ਲਗਾਉਂਦਾ/(ਦੀ) ਹੈ। |
| ਡਿਫੈਂਸ ਲੋਯਰ/Defense lawyer | ਇਕ ਅਜਿਹਾ/(ਹੀ) ਵਕੀਲ ਜੋ ਇਕ ਦੋਸ਼ਿਤ ਉਲੰਘਣਾਕਾਰ ਦਾ/ਦੀ ਪ੍ਰਤਿਨਿਧੀ ਬਣਦਾ/(ਦੀ) ਹੈ। |
| ਦੋਸ਼ਾਂ ਦਾ ਵੇਰਵਾ/Disclosure | ਇਕ ਅਜਿਹੀ ਕਾਰਜ-ਪ੍ਰਣਾਲੀ ਜਿਸਦੇ ਰਾਹੀਂ ਇਕ (ਸ਼ੱਕਿਤ) ਦੁਰ-ਵਰਤੋਂ ਦੂਜੇਆਂ ਦੇ ਧਿਆਨ ਦੇ ਵਿਚ ਆ ਜਾਂਦੀ ਹੈ। |
| ਫੋਰੈਂਸਿਕ ਸਬੂਤ/Forensic Evidence | ਇਕ ਅਨਹੋਣੀਂ ਦੇ ਪਦਾਰਥਕ ਨਮੂਨੇਂ ਜੋ ਇਕ ਦੁਰ-ਵਰਤੋਂ ਦੇ ਵਾਪਰਣ ਨੂੰ ਸਾਬਤ ਕਰਨ ਵਿਚ ਸਹਾਇਕ ਹੋ ਸਕਣ (ਜਿਵੇਂ ਕਿ, ਵਾਲ, ਸ਼ਰੀਰ ਦੇ ਤਰਲ, ਪਾਟੇ ਹੋਏ ਕੱਪੜੇ)। |
| ਸੰਕੇਤਕ/Indicator | ਅਜਿਹੀਆਂ ਨਿਸ਼ਨੀਆਂ, ਲੱਛਣ ਜਾਂ ਸੰਕੇਤ ਜੋ ਤੁਹਾਨੂੰ ਇਸ ਸ਼ੱਕ ਤਕ ਪਹੁੰਚਾਉਣ ਕਿ ਇਕ ਬੱਚਾ/ਬੱਚੀ ਇਕ ਲਿੰਗਕ ਦੁਰ-ਵਰਤੋਂ ਦਾ/ਦੀ ਸ਼ਿਕਾਰ ਹੋਇਆ/ਹੋਈ ਹੈ। |
| ਜੋਰਨਲ/Journal | ਵਾਪਰੀਆਂ ਹੋਇਆਂ ਘਟਨਾਵਾਂ ਅਤੇ ਭਾਵਨਾਵਾਂ ਦੀ ਇਕ ਲਿਖਿਤ ਡਾਇਰੀ। |

| | |
|---|---|
| ਉਲੰਘਣਾਕਾਰ/Offender | ਇਕ ਵਿਅਕਤੀ ਜੋ ਅਪਰਾਧ/(ਧਾਂ) ਨੰ ਕਰਨ ਦਾ/ਦੀ ਦੋਸੀ ਹੈ। |
| ਸਾਬਤ ਕਰਨਾਂ/Prove | ਸਬੂਤਾਂ ਦੀ ਲੱਭਤ ਦੇ ਰਾਹੀਂ ਇਕ ਸੱਚਾਈ, ਜਾਂ ਇਕ ਦੁਰ-ਵਰਤੋਂ ਦੀ ਹੋਂਦ ਦੀ ਸਥਾਪਨਾਂ ਕਰਨ ਦੇ ਯਤਨ ਕਰਨੇਂ। |
| ਇਕ ਸੰਤੁਲਤ ਸ਼ੱਕ ਦੇ ਉਤੋਂ ਦੀ ਪਾਇਆ ਹੋਇਆ ਸਬੂਤ/Proof beyond a reasonable doubt | ਸਬੂਤ ਇਹ ਸਲਾਹ ਦਿੰਦੇ ਹਨ ਕਿ ਵਾਪਰੀ ਹੋਈ ਘਟਨਾਂ ਦੀ ਵਿਆਖਿਆ ਕਰਨ ਦੀ ਹੋਰ ਕੋਈ ਸੰਭਾਵਨਾਂ ਨਹੀਂ ਹੈ। |
| ਮੁੜ-ਭਰੋਸਾ/Reassure | ਕਿਸੇ ਇਕ ਨੂੰ ਕਿਸੇ ਗੱਲ ਦੀ ਬਾਬਤ ਦ੍ਰਿੜ ਮਹਿਸੂਸ ਕਰਨ ਵਿਚ ਸਹਾਇਤਾ ਕਰਨੀਂ। |
| ਮੁੱਕਰਨਾਂ/Recant | ਜਦੋਂ ਕੋਈ ਇਕ ਗੱਲ ਨੂੰ ਵਾਸਤਵ ਵਿਚ ਕਹਿ ਕੇ, ਮੁੜ ਇਕ ਕਹੇ ਕਿ ਇਹ ਸੱਚ ਨਹੀਂ ਹੈ। |
| ਦੰਡ/Sentence | ਇਕ ਅਪਰਾਧ ਦੇ ਪ੍ਰਤਿ ਕਿਸੇ ਨੂੰ ਦੋਸ਼-ਸਿੱਧ ਕਰਾਰ ਦਿੰਦੇ ਹੋਇਆਂ ਇਕ ਜੱਜ ਦੇ ਵਲੋਂ ਉਚਿਤ ਸਜ਼ਾ ਦਾ ਫੈਸਲਾ ਕਰਨਾਂ। |
| ਲਿੰਗਕ ਸਬੰਧਾਂ ਰਾਹੀ ਸੰਚਾਰਿਤ ਛੂਤ/Sexually Transmitted Infections | ਅਜਿਹੇ ਛੂਤ ਅਤੇ ਰੋਗ ਜੋ ਲਿੰਗਕ ਸਬੰਧਾਂ ਦੇ ਰਾਹੀਂ ਫ਼ੈਲਦੇ ਹਨ। |
| ਸਹਾਇਤਾ-ਬਲ ਵਿਅਕਤੀ/ Support person | ਇਕ ਛਾਣ-ਬੀਣ ਦੀ ਕਿਸੇ ਵੀ ਕਾਰਜ-ਪ੍ਰਣਾਲੀ ਦੇ ਦੌਰਾਨ ਦੇ ਸਬੰਧ ਵਿਚ ਕੋਈ ਅਜਿਹਾ/(ਹੀ) ਵਿਅਕਤੀ ਜਿਸ ਕੋਲੋਂ ਇਕ ਬੱਚਾ/ਬੱਚੀ ਸਹਾਇਤਾ ਚਾਹੁੰਦਾ/(ਦੀ) ਹੈ (ਜਿਵੇਂ ਕਿ, ਇਕ ਛਾਣ-ਬੀਣ ਪ੍ਰਤਿ ਇੰਟਰਵਿਊ, ਇਕ ਡਾਕਟਰੀ ਜਾਂਚ, ਕਚਹਿਰੀ ਦੇ ਵਿਚ ਪੇਸ਼ੀ)। |
| ਬਿਆਨ ਦੇਣੇਂ/Testify | ਜਦੋਂ ਇਕ ਗਵਾਹ ਇਕ ਕਚਹਿਰੀ ਦੀ ਸੁਣਵਾਈ ਦੇ ਵਿਚ ਪ੍ਰਸ਼ਨਾਂ ਦੇ ਉੱਤਰ ਦਿੰਦਾ/ਦਿੰਦੀ ਹੈ। |
| ਗਵਾਹੀ/Testimony | ਇਕ ਕਚਹਿਰੀ ਦੇ ਵਿਚ ਇਕ ਗਵਾਹ ਦੇ ਵਲੋਂ ਵਾਪਰੀ ਹੋਈ ਘਟਨਾਂ ਦਾ ਪੂਰਾ ਵੇਰਵਾ ਦੇਣਾਂ। |
| ਪ੍ਰਮਾਣਿਤ/Verified | ਇਹ ਇਕ ਸੰਭਾਵਨਾਂ ਤੋਂ ਵਧੇਰੇ ਗੱਲ ਹੈ ਕਿ ਕਝ ਵਾਪਰੇਆ ਹੈ। |

| | |
|---|---|
| ਜ਼ੁਲਮ ਦੇ ਸ਼ਿਕਾਰ ਉਤੇ ਪ੍ਰਭਾਵਾਂ ਦਾ ਬਿਆਨ-ਨਾਮਾਂ/ Victim Impact Statement | ਅਜਿਹਾ ਫਾਰਮ ਜਿਸਨੂੰ ਜ਼ੁਲਮ ਦਾ/ਦੀ ਸ਼ਿਕਾਰ ਭਰਦੇ ਹੋਇਆਂ ਇਹ ਵਿਆਖਿਆ ਕਰਦਾ/(ਦੀ) ਹੈ ਕਿ ਅਪਰਾਧ ਨੇਂ ਉਸਦੇ ਉਤੇ ਪ੍ਰਭਾਵ ਕਿਵੇਂ ਪਾਏ ਹਨ। |
| ਵਿਕਟਮ ਵਿਟਨੈਸ ਕੋਆਰਡੀਨੇਟਰ/ Victim Witness Coordinator | ਜ਼ੁਲਮਾਂ ਦੇ ਸ਼ਿਕਾਰਾਂ ਅਤੇ ਗਵਾਹਾਂ ਅਤੇ ਕ੍ਰਾਉਨ ਅਟਾਰਨੀ ਦੇ ਵਿਚਾਲੇ ਇਕ ਸੰਪਰਕ ਦੀ ਸੇਵਾ ਪ੍ਰਦਾਨ ਕਰਦਾ/(ਦੀ) ਹੈ। |
| ਯੂਥ ਕ੍ਰਿਮਿਨਲ ਜਸਟਿਸ ਐਕਟ/ Youth Criminal Justice Act | ਅਜਿਹੇ ਦਸਤਾਵੇਜ਼ ਜੋ ਇਕ ਦੋਸ਼ਿਤ ਉਲੰਘਣਾਂ ਦੇ ਵੇਲੇ 12 ਸਾਲਾਂ ਤੋਂ ਵੱਧ ਪਰ 18 ਸਾਲਾਂ ਤੋਂ ਘੱਟ ਉਮਰ ਦੇ ਦੋਸ਼ਿਤ ਅਪਰਾਧੀ ਉਲੰਘਣਾਕਾਰ ਯੁਵਕਾਂ ਦੇ ਸਬੰਧ ਵਿਚ ਕਾਨੂੰਨਾਂ ਦੀ ਪ੍ਰਦਰਸ਼ਨੀਂ ਕਰਦੇ ਹਨ। ਇਹ ਕਾਨੂੰਨ ਅਜਿਹੇ ਯੁਵਕਾਂ ਦੇ ਲਈ ਵਿਸ਼ੇਸ਼ ਇੰਟਰਵਿਊ ਦੇ ਦਾਅ-ਪੇਚਾਂ ਜਿਹੇ ਤਰੀਕੇ-ਕਾਰਾਂ ਅਤੇ ਦੋਸ਼ਿਤ ਜਾਂ ਦੋਸ਼-ਸਿੱਧਤ ਯੁਵਕ/(ਕੀ) ਨੂੰ ਪਛਾਣ ਲੈਣ ਯੋਗ ਜਾਣਕਾਰੀ ਜਾਂ ਦੂਰ ਤਕ ਫੈਲਾਅ ਵਾਲੇ ਪ੍ਰਕਾਸ਼ਨ ਤੋਂ ਸੁਰੱਖਿਆ ਦੇ ਲਈ ਕਾਰਜ-ਵਿਧਿਆਂ ਦੀ ਰੂਪ-ਰੇਖਾ ਬਿਆਨ ਕਰਦਾ ਹੈ। (ਇਹ ਐਕਟ ਭੂਤ-ਕਾਲ ਦੇ ਵਿਚ ਦੀ *ਯੰਗ ਔਫੈਂਡਰਸ ਐਕਟ ਔਫ ਕੈਨੇਡਾ* ਸੀ) |

## ਨੋਟਸ



**ਚਾਇਲਡ ਡਿਵੈਲਪਮੈਂਟ ਇੰਸਟਿਚੁਟ**

ਸੈਂਟਰਲ ਏਜੈਂਸੀਸ ਸੈਕਸੁਅਲ ਐਬਿਊਜ਼ ਟ੍ਰੀਟਮੈਂਟ ਪ੍ਰੋਗਰਾਮ (ਕ ਏ ਸ ਅ ਟ)
197 ਇਊਕਲਿੱਡ ਐਵਿਨਿਯੂ
ਟੋਰਾਂਟੋ, ਔਨਟੇਰਿਓ
ਕੈਨੇਡਾ M6J 2J8

416-603-1827 ਐਕਸਟੈਨਸ਼ਨ 2302
ਫੈਕਸ: 416-603-6655
www.childdevelop.ca
©2006
ISBN 0-9681323-7-5

ਮੂਹਰਲਾ ਕਵਰ ਅਤੇ ਵਿਆਖਿਆ ਕੇਪੀ ਗ੍ਰਾਫਿਕਸ ਦੇ ਵਲੋਂ ਹੈ
ਅੰਦਰਲੀ ਵਿਆਖਿਆ ਲਾਂਉਚਬਕਸ ਦੇ ਵਲੋਂ ਹੈ